ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੮ ਜਿਲਦ ੩੧ ੨੫-੩੧ ਮਾਰਚ ੨੦੨੧, ੧੨-੧੮ ਚੇਤਰ ੨੦੭੭ ਨਾਨਕਸ਼ਾਹੀ ਸੰਮਤ ੫੫੩
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 18 Volume 31, 25 - 31 March, 2021
Yearly Subscription India 250/-, Abroad 2500/- and Life Membership India 2500/-, Abroad 25000/-

ਪੁਰਬ ਹੋਲਾ ਮਹੱਲਾ : 29 ਮਾਰਚ

## ਹੋਲੀ ਤੋਂ ਹੋਲਾ ਮਹੱਲਾ

❖ ਗਿਆਨੀ ਮਹਾਂ ਸਿੰਘ

ਭਾਰਤ ਮੇਲਿਆਂ ਤੇ ਤਿਉਹਾਰਾਂ ਦਾ ਦੇਸ਼ ਹੈ, ਇਹ ਖੁਸ਼ੀਆਂ ਤੇ ਖੇੜਿਆਂ ਦੀ ਦੁਨੀਆ ਹੈ। ਭਾਰਤ ਦਾ ਹਰ ਦਿਨ ਇਤਿਹਾਸ ਨਾਲ ਜੁੜਿਆ ਹੋਇਆ ਹੈ, ਇਸਦਾ ਹਰ ਦਿਨ ਮੇਲਿਆਂ ਦੇ ਪਿਛੋਕੜ ਵਾਲਾ ਹੈ। ਭਾਰਤ ਵਿਚ ਵੱਖ ਵੱਖ ਸੂਬਿਆਂ ਦੇ ਵੱਖ ਵੱਖ ਮੇਲੇ ਹਨ, ਅਗੋਂ ਇਨਾਂ ਦੇ ਸ਼ਹਿਰਾਂ ਦੇ ਹੋਰ ਤੇ ਪਿੰਡਾ ਦੇ ਹੋਰ ਮੇਲੇ ਹਨ। ਗਲ ਕੀ ਭਾਰਤ ਦੀ ਹਰ ਸਵੇਰ ਮੇਲਿਆਂ ਦੇ ਸੂਰਜਾਂ ਨਾਲ ਚੜ੍ਹਦੀ ਹੈ। ਸਾਡੇ ਕਈ ਮੇਲੇ, ਦਿਨ ਤੇ ਦਿਹਾਰ ਸਾਡੇ ਸਭਿਆਚਾਰਕ ਤੇ ਸਮਾਜਿਕ ਰਸਮਾਂ ਰਿਵਾਜਾਂ ਨਾਲ ਜੁੜੇ ਹੋਏ ਹਨ, ਕਈ ਮੇਲੇ ਧਾਰਮਿਕ ਪਿਛੋਕੜ ਵਾਲੇ ਹਨ ਅਤੇ ਕਈ ਤਿਉਹਾਰ ਮੌਸਮ ਬਦਲੀ ਦੇ ਪ੍ਰਤੀਕ ਹਨ।

ਭਾਰਤ ਦੇ ਵਿਸ਼ੇਸ਼ ਵੱਡੇ ਤਿਉਹਾਰ ਦਿਵਾਲੀ, ਵਿਸਾਖੀ ਤੇ ਹੋਲੀ ਮੰਨੇ ਜਾਂਦੇ ਹਨ। ਇਹ ਤਿੰਨੇ ਮੌਸਮ ਬਦਲਣ ਦੇ ਪ੍ਰਤੀਕ ਵੀ ਹਨ।

ਭਾਰਤ ਦਾ ਹੋਲੀ ਤਿਉਹਾਰ ਜਿਥੇ ਇਕ ਧਾਰਮਿਕ ਪਿਛੋਕੜ ਨਾਲ ਸਬੰਧਤ ਹੈ, ਉਥੇ ਇਹ ਮੌਸਮ ਵਿਚ ਤਬਦੀਲੀ ਆਉਣ ਨਾਲ ਵੀ ਸਬੰਧਤ ਹੈ, ਕਿਉਂਕਿ ਹੋਲੀ ਤਿਉਹਾਰ ਬਸੰਤ ਦਾ ਤਿਉਹਾਰ ਮੰਨਿਆ ਜਾਂਦਾ ਹੈ। ਵੈਸੇ ਹੋਲੀ ਤਿਉਹਾਰ ਮਨਾਉਣ ਦਾ ਸੰਬੰਧ ਭਗਤ ਪ੍ਰਹਿਲਾਦ ਦੀ ਭੂਆ ਹੋਲਿਕਾ ਨਾਲ ਹੈ। ਭਗਤ ਪ੍ਰਹਿਲਾਦ ਨੂੰ ਉਸ ਦਾ ਪਿਤਾ ਹਰਨਾਖਸ਼ ਖਤਮ ਕਰ ਦੇਣਾ ਚਾਹੁੰਦਾ ਸੀ, ਜਿਸ ਲਈ ਉਸ ਨੇ ਕਈ ਯਤਨ ਕੀਤੇ, ਪਰ ਅਕਾਲ ਪੁਰਖ ਨੇ ਹਰ ਪੈਰ ਉਤੇ ਆਪਣੇ ਬਿਰਦ ਦੀ ਲਾਜ ਰਖੀ। ਫੇਰ ਹੋਲਿਕਾ, ਜਿਸ ਨੂੰ ਸ਼ਿਵਜੀ ਤੋਂ ਵਰ ਪ੍ਰਾਪਤ ਸੀ ਕਿ ਉਹ ਇਕ ਵਿਸ਼ੇਸ਼ ਚਾਦਰ ਉਪਰ ਲੈ ਕੇ ਅੱਗ ਵਿਚ ਬੈਠ ਜਾਵੇ ਤਾਂ ਅੱਗ ਉਸ ਨੂੰ ਸਾੜੇਗੀ ਨਹੀਂ, ਭਗਤ ਪ੍ਰਹਿਲਾਦ ਨੂੰ ਬਲਦੀ ਚਿਤਾ ਵਿਚ ਲੈ ਕੇ ਉਹ ਬੈਠ ਗਈ। ਪਰ ਕਰਨੀ ਰੱਬ ਦੀ, ਉਹ ਚਾਦਰ ਹੋਲਿਕਾ ਤੋਂ ਉਡਕੇ ਪ੍ਰਹਿਲਾਦ ਉਤੇ ਪੈ ਗਈ, ਜਿਸ ਨਾਲ ਹੋਲਿਕਾ ਸੜ ਮਰੀ ਤੇ ਭਗਤ ਪ੍ਰਹਿਲਾਦ ਬਚ ਗਿਆ। ਤਦ ਤੋਂ ਇਹ ਤਿਉਹਾਰ ਮਨਾਇਆ ਜਾਂਦਾ ਹੈ।

ਦੂਸਰੇ ਪਾਸੇ ਹੋਲੀ ਤਿਉਹਾਰ ਬਸੰਤ ਮੌਸਮ ਵਿਚ ਆਉਂਦਾ ਹੈ, ਇਹ ਦਿਨ ਰੁਤ-ਬਦਲੀ ਦਾ ਹੈ, ਜਦੋਂ ਕੁਲ ਕੁਦਰਤ ਤੇ ਬਨਸਪਤੀ ਮੌਲੀ ਹੋਈ ਹੁੰਦੀ ਹੈ, ਧਰਤੀ ਤੇ ਆਕਾਸ਼ ਮੌਲਿਆ ਹੁੰਦਾ ਹੈ, ਵਣ ਤੇ ਤ੍ਰਿਣ ਵਿਚ ਖੇੜਾ ਤੇ ਮਹਿਕ ਖਿੰਡੀ ਹੋਈ ਹੁੰਦੀ ਹੈ। ਸਰਦੀ ਨਾਲ ਕੁੰਗੜ੍ਹ ਹੋਈ ਧਰਤੀ ਉਤੇ ਹਰਿਆਵਲ ਹੀ ਹਰਿਆਵਲ ਤੇ ਦੂਰ ਦੂਰ ਤਕ ਸਬਜ਼ਾ ਹੀ ਸਬਜ਼ਾ ਦਿਖਾਈ ਦਿੰਦਾ ਹੈ। ਤਰ੍ਹਾਂ ਤਰ੍ਹਾਂ ਦੇ ਫੁੱਲਾਂ ਦੀ ਦੁਨੀਆ ਵੱਖ ਵੱਖ, ਸ਼ੋਖ ਤੇ ਵਚਿਤ੍ਰ ਰੰਗਾਂ ਦੇ ਕਪੜੇ ਪਾ ਕੇ ਆਪਣੇ ਘੁੰਡ ਲਾਹ ਕੇ ਤੇ ਡਾਲੀਆਂ ਉਤੇ ਝੂੰਮਦੀ ਸੁਗੰਧੀਆਂ ਖਿਲਾਰਦੀ ਹੈ, ਕੁਦਰਤ ਦੀ ਪੱਤੀ ਪੱਤੀ ਤੇ ਡਾਲੀ ਡਾਲੀ ਫੁਟ ਪੈਂਦੀ ਹੈ, ਫਲਦਾਰ ਬੂਟੇ ਫੁਲਾਂ ਨਾਲ ਭਰ ਜਾਂਦੇ ਹਨ, ਕਰਨੇ ਦੀ ਬਹਾਰ ਬਾਗਾਂ ਨੂੰ ਮਹਿਕਾ ਦਿੰਦੀ ਹੈ। ਸੋ ਇਸ ਖੁਸ਼ੀ ਭਰੀ ਬਸੰਤ ਨੂੰ ਮਨਾਉਣ ਲਈ ਲੋਕ ਹੋਲੀ ਮਨਾਉਂਦੇ ਹਨ। ਪੰਚਮ ਪਾਤਸ਼ਾਹ ਜੀ ਨੇ ਬੀ ਹੋਲੀ ਮਨਾਈ ਹੈ, ਪਰ ਇਹ ਸਿੱਖ ਦੀ ਆਤਮਕ ਰੰਗੀ ਹੋਲੀ ਹੈ :-

**ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥੨॥**
**ਮਨੁ ਤਨੁ ਮਉਲਿਓ ਅਤਿ ਅਨੂਪ॥ ਸੂਕੈ ਨਾਹੀ ਛਾਵ ਧੂਪ॥**
**ਸਗਲੀ ਰੂਤੀ ਹਰਿਆ ਹੋਇ॥ ਸਦ ਬਸੰਤ ਗੁਰ ਮਿਲੇ ਦੇਵ॥੩॥**

(ਬਸੰਤ ਮਹਲਾ ੫, ਅੰਗ ੧੧੮੦)

ਭਾਈ ਨੰਦਲਾਲ ਜੀ ਗੋਯਾ ਨੇ ਵੀ ਕਲਗੀਧਰ ਪਾਤਸ਼ਾਹ ਦੇ ਦਰਬਾਰ ਮਨਾਈ ਜਾਂਦੀ ਹੋਲੀ ਦਾ ਨਕਸ਼ਾ ਆਪਣੀ ਇਕ ਫ਼ਾਰਸੀ ਗ਼ਜ਼ਲ ਵਿਚ ਖਿਚਿਆ ਹੈ, ਜਿਸ ਦਾ ਪਹਿਲਾ ਸ਼ਿਅਰ ਹੈ:-

ਅੰਦਰ...........


- ☐ ਪ੍ਰੋ. ਪੂਰਨ ਸਿੰਘ: ਸਿੱਖ ਸੁਰਤਿ ਦੇ ਸੰਦਰਭ ਵਿਚ 3
- ☐ ਸੰਤ ਬਿਮਲਾ ਸਿੰਘ: ਕ੍ਰਿਤਾਰਥ ਜੀਵਨ 5
- ☐ Teachings of Guru Tegh Bahadur 7
- ☐ ਮੇਰੀ ਖਿੜੀ ਰਹੇ ਗੁਲਜ਼ਾਰ : ਪੰਜਾਬ ਨੂੰ ਕੂਕਾਂ ਮੈਂ 9
- ☐ 100 ਸਾਲ ਪਹਿਲਾਂ: ਪ੍ਰਧਾਨ ਜੀ ਦਾ ਐਡ੍ਰੈਸ 10
- ☐ ਸ਼ਬਦ ਵਿਆਖਿਆ 11
- ☐ ਰਿਪੋਰਟ: ਪੁਸਤਕ **ਕਵਣੁ ਦੇਸ ਹੈ ਮੇਰਾ** ਤੇ ਚਰਚਾ 12

ਗੁਲੇ ਹੋਲੀ ਬਬਾਗ਼ੇ ਦਹਿਰ ਬੂ ਕਰਦ।
ਲਬੇ ਚੂੰ ਗੁੰਚਹ ਰਾ ਫ਼ਰਖੁੰਦਹ ਖੂ ਕਰਦ।

ਪਰ ਸਾਡੇ ਹਿੰਦੂ ਸਮਾਜ ਵਿਚ ਆਪਣੇ ਧਾਰਮਕ ਜਾਂ ਹੋਰ ਮੇਲੇ ਆਦਿ ਮਨਾਉਣ ਲਈ ਕਈ ਬੜੀਆਂ ਮਾੜੀਆਂ ਰਵਸ਼ਾਂ ਦਾਖਲ ਹੋ ਚੁੱਕੀਆਂ ਹਨ ਅਤੇ ਇਹ ਰਵਸ਼ਾਂ ਚਿਰ ਕਾਲ ਤੋਂ ਤੁਰੀਆਂ ਆਉਂਦੀਆਂ ਹਨ। ਜਿਵੇਂ ਕਿਸੇ ਸਮੇਂ ਦੇਵੀ ਅੱਗੇ ਆਦਮੀ ਭੇਟ ਕੀਤੇ ਜਾਂਦੇ ਸਨ, ਫੇਰ ਬਕਰੇ ਝੋਟੇ ਝਟਕਾਏ ਜਾਣ ਲਗੇ, ਦੀਵਾਲੀ ਉੱਤੇ ਜੂਆ ਖੇਡਿਆ ਜਾਂਦਾ ਹੈ ਅਤੇ ਜੂਏ ਨੂੰ ਪਵਿਤ੍ਰ ਕੰਮ ਸਮਝ ਕੇ ਇਸ ਉੱਤੇ ਮਾਣ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੋਲੀਆਂ ਵਿਚ ਨਾ ਨਿਰਾ ਰੰਗਾਂ ਨਾਲ ਖੇਡਿਆ ਜਾਂਦਾ ਤੇ ਲੋਕਾਂ ਦੇ ਸਿਰ ਮੂੰਹ ਰੰਗ ਦਿਤੇ ਜਾਂਦੇ ਹਨ, ਸਗੋਂ ਉਨ੍ਹਾਂ ਉੱਪਰ ਸੁਆਹ, ਕੇਰੀ, ਮਿੱਟੀ, ਕੂੜਾ ਤੇ ਗੰਦ ਆਦਿ ਵੀ ਸੁਟਿਆ ਜਾਂਦਾ ਤੇ ਅਸ਼ਰਫੁਲ ਮਖਲੂਕਾਤ ਮਨੁੱਖ ਨੂੰ ਭੈੜੇ ਤੋਂ ਭੈੜਾ ਰੂਪ ਦੇ ਕੇ ਹੋਲੀ ਦਾ ਭੜੂਆ ਬਨਾਉਣ ਵਿਚ ਖੁਸ਼ੀ ਮਨਾਈ ਜਾਂਦੀ ਹੈ। ਗੱਲ ਕੀ ਇਸ ਸ਼ਾਨਦਾਰ ਤਿਉਹਾਰ ਨੂੰ ਮਿੱਟੀ ਵਿਚ ਰੋਲਿਆ ਜਾਂਦਾ ਹੈ। ਸਮਾਜਿਕ ਖਰਾਬੀਆਂ ਤੇ ਇਕ ਦੂਜੇ ਨੂੰ ਗਾਲੀਆਂ ਦਿੱਤੀਆਂ ਜਾਂਦੀਆਂ ਹਨ ਤੇ ਹਰ ਸਾਲ ਅਨੇਕ ਥਾਈਂ ਹੋਲੀ ਦੇ ਮੌਕੇ ਤੇ ਫਸਾਦ ਹੋ ਜਾਣ ਦੀਆਂ ਖਬਰਾਂ ਪੜ੍ਹੀਦੀਆਂ ਹਨ। **ਗੁਰ ਪ੍ਰਤਾਪ ਸੂਰਜ ਗ੍ਰੰਥ** ਨੇ ਬੀ ਇਨ੍ਹਾਂ ਖਰਾਬੀਆਂ ਵਲ ਜਨਤਾ ਦਾ ਧਿਆਨ ਦੁਆਇਆ ਹੈ :-

ਹਿੰਦੁਨ ਕੋ ਦਿਨ ਹੋਲਿ ਦੀਵਾਲੀ। ਇਤਜਾਦਿਕ ਦਿਨ ਚਲਹਿ ਕੁਚਾਲੀ। ਬਿਨਾ ਲਾਜ ਤੇ ਹੁਇ ਨਰ ਨਾਰੀ। ਕਰਹਿ ਖਰਾਬਾ ਕਾਢਤ ਗਾਰੀ।

ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸਾ ਪੰਥ ਨੂੰ ਇਨ੍ਹਾਂ ਮਾੜੀਆਂ ਰਵਸ਼ਾਂ ਤੋਂ ਬਚਾਉਣ ਲਈ ਹੋਲਾ ਮਹੱਲਾ ਜਾਰੀ ਕੀਤਾ। ਇਸ ਦਿਨ ਥਾਂ ਥਾਂ ਮਹੱਲੇ ਕੱਢਣੇ, ਦੀਵਾਨ ਸਜਾਉਣੇ, ਕੀਰਤਨ ਦਰਬਾਰ ਕਰਨੇ, ਸਤਿਸੰਗ ਜੁੜਨੇ, ਫੁੱਲਾਂ ਤੇ ਗੁਲਾਬ ਦੇ ਛਿੜਕਾਵ ਕਰਨੇ ਜਾਰੀ ਕਰਵਾ ਦਿੱਤੇ। ਸ੍ਰੀ ਗੁਰੂ ਜੀ ਨੇ ਇਸ ਦਿਨ ਖਾਲਸੇ ਨੂੰ ਦੂਰੋਂ ਦੂਰੋਂ ਬੁਲਵਾਕੇ ਉਨ੍ਹਾਂ ਦੇ ਕਰਤਵ ਦੇਖਣੇ, ਸਰੀਰਕ ਕਸਰਤਾਂ ਕਰਵਾਉਣੀਆਂ, ਖੇਡਾਂ ਤੇ ਗਤਕੇ ਦੇ ਮੁਕਾਬਲੇ ਕਰਵਾਉਣੇ, ਨੇਜ਼ਾਬਾਜ਼ੀ, ਘੋੜ-ਦੌੜ ਤੇ ਸ਼ਸਤ੍ਰ ਵਿੱਦਿਆ ਦੇ ਕਮਾਲ ਦੇਖਣੇ ਤੇ ਜੇਤੂਆਂ ਨੂੰ ਇਨਾਮ ਬਖਸ਼ਣੇ।

ਸੋ ਸਤਿਗੁਰੂ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਹੋਲਾ ਮਹੱਲਾ ਪਵਿਤ੍ਰ ਤੇ ਮਾਣ ਕਰਨ ਵਾਲਾ ਮਹੱਲਾ ਹੈ। ਪਰਮ ਸਤਿਕਾਰਯੋਗ ਖਾਲਸਾ ਜੀ ਨੂੰ ਇਹ ਹੋਲਾ ਗੁਰੂ ਸਾਹਿਬ ਜੀ ਦੀ ਯਾਦ ਵਿਚ ਤੇ ਉਨ੍ਹਾਂ ਦੇ ਦੱਸੇ ਕਮਾਲ ਦੇ ਅਦੁੱਤੀ ਅਸੂਲਾਂ ਤੇ ਆਦਰਸ਼ਾਂ ਉੱਤੇ ਚੱਲ ਕੇ ਸਦਾ ਚੜ੍ਹਦੀਆਂ ਕਲਾਂ ਵਿਚ ਮਨਾਉਂਦੇ ਰਹਿਣਾ ਚਾਹੀਦਾ ਹੈ। ਵੈਸੇ ਇਸ ਹੋਲੇ ਮਹੱਲੇ ਦੀ ਖਾਸ ਵਿਸ਼ੇਸ਼ਤਾ ਸ੍ਰੀ ਆਨੰਦਪੁਰ ਸਾਹਿਬ ਨਾਲ ਸੰਬੰਧਤ ਹੈ, ਜਿਥੇ ਸ੍ਰੀ ਗੁਰੂ ਜੀ ਇਨ੍ਹਾਂ ਰੌਣਕਾਂ ਵਿਚ ਆਪ ਭਾਈਵਾਲ ਹੋਇਆ ਕਰਦੇ ਸਨ। ਹੁਣ ਵੀ ਜਦ ਇੱਥੇ ਮਹੱਲਾ ਚੜ੍ਹਦਾ ਹੈ ਤਾਂ ਇਕਾਗਰ ਚਿਤ ਹੋਣ ਉੱਤੇ ਇੰਵ ਹੀ ਭਾਸਦਾ ਹੈ, ਜਿਂਵੇ ਹੁਣ ਵੀ ਸ੍ਰੀ ਗੁਰੂ ਜੀ ਇਸ ਮਹੱਲੇ ਵਿਚ ਸ਼ਾਮਲ ਹੋ ਕੇ ਖਾਲਸਾ ਜੀ ਦੀ ਅਗੁਵਾਈ ਕਰ ਰਹੇ ਹਨ। (**ਖਾਲਸਾ ਸਮਾਚਾਰ,** 23 ਮਾਰਚ, 1967)

## ਸਤਿਗੁਰੂ ਦਸਮੇਸ਼ ਜੀ ਦੀ ਹਜ਼ੂਰੀ ਵਿਚ ਖੇਡੇ ਹੋਲੇ ਦੇ ਅੱਖੀਂ ਡਿੱਠੇ ਦ੍ਰਿਸ਼ ਦਾ ਵਰਣਨ ਭਾਈ ਨੰਦ ਲਾਲ ਜੀ ਦੀ ਕਲਮ ਤੋਂ :-

ਗੁਲੇ ਹੋਲੀ ਬਬਾਗ਼ੇ ਦਹਿਰ ਈਂ ਬਿਸ਼ਿਗੁਫ਼ਤ,
ਲਬੇ ਚੂੰ ਗੁੰਚਹਹਾ ਫ਼ਰਖੰਦਹ ਖ਼ੂ ਕਰਦ।

ਗੁਲਾਬੋ ਅੰਬਰੋ ਮੁਸ਼ਕੋ ਅਬੀਰੇ,
ਚੁ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ।

ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ,
ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।

ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ,
ਕਿ ਹਰ ਬੇਰੰਗ ਰਾ ਖੁਸ਼ਰੰਗ ਰੂ ਕਰਦ।

ਦੁਆਲਮ ਗਸ਼ਤ ਰੰਗੀਂ ਅਜ਼ ਤੁਫੈਲਸ਼
ਚੁ ਸ਼ਾਹਮ ਜਾਮਹ ਰੰਗੀਂ ਦਰ ਗੁਲੂ ਕਰਦ।

ਕਸੇ ਕੋ ਦੀਦ ਦੀਦਾਰੇ ਮੁਕੱਦਸ,
ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ।

ਸ਼ਵੱਦ ਕੁਰਬਾਨ ਖ਼ਾਕੇ ਸਾਧ ਸੰਗਤ,
ਦਿਲੇ 'ਗੋਯਾ' ਹਮੀਂ ਰਾ ਆਰਜ਼ੂ ਕਰਦ।

**ਇਸ ਗ਼ਜ਼ਲ ਦਾ ਪੰਜਾਬੀ ਰੂਪ:-**

ਕਿ ਫੂਲ ਹੋਲੀ ਦਾ ਖਿੜਿਆ ਵਿੱਚ ਦੁਨੀਆ,
ਲਬਾਂ ਨੂੰ ਖੋਹਲਿਆ ਉਸ ਵਾਂਗ ਕਲੀਆਂ।

ਅਬੀਰ ਅੰਬਰ ਗੁਲਾਬਾਂ ਤੇ ਕਥੂਰੀ
ਵਸਣ ਹਰ ਤਰਫ ਜਿਉਂ ਬਰਖਾ ਦੀ ਕਣੀਆਂ।

ਮੁਬਾਰਕ ਹੱਥ ਉਡਾਈ ਜਦ ਗੁਲਾਲੀ
ਚੜ੍ਹੀ ਲਾਲੀ ਜ਼ਿਮੀਂ ਅਸਮਾਨ ਫੁਲੀਆਂ।

ਚਲੇ ਕੇਸਰ ਦੀ ਪਿਚਕਾਰੀ ਮੁਬਾਰਕ
ਕਿ ਹਰ ਬੇਰੰਗ ਨੂੰ ਰੰਗ ਲਾਣ ਭਲੀਆਂ।

ਤੁਫੈਲ ਉਸਦੀ ਜਹਾਂ ਦੋ ਗਏ ਰੰਗੇ
ਰੰਗੇ ਜਾਮੇ ਜਾਂ ਸੁਹਣੇ ਲਾਈਆਂ ਤਣੀਆਂ।

ਜਿਨ੍ਹੇ ਡਿੱਠੇ ਮੁਬਾਰਕ ਏਹ ਦਰਸ਼ਨ
ਮੁਰਾਦਾਂ ਉਮਰ ਉਸਨੇ ਹੈਣ ਜਿਣੀਆਂ।


ਹੋਯਾ ਕੁਰਬਾਨ ਸਾਧ ਸੰਗਤ ਦੀ ਧੂੜੋਂ
ਕਿ ਲੋਚਾਂ ਅੱਜ 'ਗੋਯਾ' ਦੀਆਂ ਫਲੀਆਂ।

- ਭਾਈ ਵੀਰ ਸਿੰਘ, **ਕੰਬਦੀ ਕਲਾਈ,** ਭਾਗ-2

# ਪ੍ਰੋ. ਪੂਰਨ ਸਿੰਘ: ਸਿੱਖ ਸੁਰਤਿ ਦੇ ਸੰਦਰਭ ਵਿਚ

❖ ਦਿਲਪ੍ਰੀਤ ਸਿੰਘ*

ਪ੍ਰੋ. ਪੂਰਨ ਸਿੰਘ ਦਾ ਅਨੁਭਵੀ ਚਿੰਤਨ ਸੁਰਤਿ ਦੇ ਦੇਸ਼ਾਂ ਤੋਂ ਸ਼ਬਦ ਦੇ ਅਸਗਾਹੀ ਪੈਂਡਿਆਂ ਦੀ ਪਰਵਾਜ਼ ਹੈ। ਪ੍ਰੋ. ਪੂਰਨ ਸਿੰਘ ਦੀ ਮੌਲਦੀ ਹੋਈ ਜ਼ਿੰਦਗੀ ਵਿਚ ਰੂਹਾਨੀਅਤ ਅਤੇ ਦੈਵੀ ਅਨੁਭਵਾਂ ਦੀ ਇਕਸੁਰਤਾ ਨਿਰੰਤਰ ਦਿਖਾਈ ਦਿੰਦੀ ਹੈ। ਸਿੱਖ ਸੁਰਤਿ ਦੇ ਅਨੁਭਵ ਵਿਚ ਉਹਨਾਂ ਦੀ ਚਿੰਤਨ ਪ੍ਰਣਾਲੀ 'ਸੁਰਤਿ ਤੋਂ ਸ਼ਬਦ' ਤੱਕ ਦਾ ਰੂਹਾਨੀ ਪੈਂਡਾ ਤੈਅ ਕਰਦੀ ਹੈ। ਸ਼ਬਦ ਦੇ ਰੂਹਾਨੀ ਮੰਡਲਾਂ ਨੂੰ ਉਹਨਾਂ ਦੀ ਸੁਰਤਿ ਵਿਚ ਮੌਲਦਿਆਂ ਦੇਖਿਆ ਜਾ ਸਕਦਾ ਹੈ। ਸਿੱਖ ਸੁਰਤਿ ਦੇ ਸੰਦਰਭ ਵਿਚ ਪ੍ਰੋ. ਪੂਰਨ ਸਿੰਘ ਦੀ ਲਿਖਤ ਵਿਚ ਪਿਆਰ, ਸੁਤੰਤਰਤਾ, ਕਿਰਤ, ਮਜ਼੍ਹਬ ਆਦਿ ਵਿਸ਼ੇ ਕੇਂਦਰੀ ਧੁਰਾ ਰਹੇ ਹਨ। ਉਹਨਾਂ ਦੇ ਅਨੁਭਵੀ ਮੰਡਲਾਂ ਦੇ ਸਗਲੇ ਪਸਾਰਾਂ ਨੂੰ ਸ਼ਬਦ ਦੀ ਛਾਂ ਹੇਠਾਂ ਵਿਗਸਦੇ ਦੇਖਿਆ ਜਾ ਸਕਦਾ ਹੈ। ਉਹ ਬੁੱਧੀ ਦੇ ਦੇਸ਼ ਵਿਚ ਤਰਕ ਦੀ ਗੁਲਾਮੀ ਕਰਨ ਦੀ ਥਾਂ ਵਲਵਲੇ ਦੇ ਉਚੇ ਗਗਨਾਂ ਵਿਚ ਸੁਤੰਤਰਤਾ ਭਰੀਆਂ ਉਡਾਰੀਆਂ ਮਾਰਦਾ ਹੈ। ਉਹਨਾਂ ਨੇ ਪੂਰਬੀ ਚਿੰਤਨ ਦੇ ਵਰਤਾਰੇ ਨੂੰ ਦਿੱਬ ਦ੍ਰਿਸ਼ਟੀ ਨਾਲ ਗੁਰੂ ਅਵਤਾਰ ਸੁਰਤਿ ਦੇ ਚਰਨੀ ਲਾਇਆ। ਇਸ ਵਿਚ ਉਹ ਧਰਮਾਂ ਦੇ ਬ੍ਰਹਿਮੰਡੀ ਵਰਤਾਰੇ ਨੂੰ ਆਪਣੀਆਂ ਲਿਖਤਾਂ ਵਿਚ ਵਿਗਸਦਾ ਦਿਖਾਉਂਦੇ ਹਨ। ਇਸ ਨਾਲ ਗੁਰਬਾਣੀ ਦੀ ਵਿਆਖਿਆ ਵਿਚ ਉਹ ਸ਼ਬਦ ਵਿਚਲੇ ਦੈਵੀ ਭੇਤ ਨੂੰ ਪ੍ਰਕਾਸ਼ਮਾਨ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੇ ਚਿੰਤਨ ਵਿਚ ਇਹ ਮਹੱਤਵਪੂਰਨ ਨੁਕਤਾ ਹੈ ਕਿ ਉਹ ਵਿਆਖਿਆ ਸ਼ਾਸਤਰ ਦੇ ਸੰਦਰਭ ਵਿਚ 'ਸਾਖੀ' ਦੇ ਸਿਧਾਂਤੀਕਰਨ ਨਾਲ ਵਿਆਖਿਆ ਦੇ ਅਨੇਕਾਂ-ਪੈਟਰਨ ਵਾਲੀ ਵਿਆਖਿਆ ਦਾ ਸਿਧਾਂਤੀਕਰਨ ਕਰਦੇ ਹਨ। ਪ੍ਰੋ. ਪੂਰਨ ਸਿੰਘ ਪੂਰਬੀ ਚਿੰਤਨ ਵਿਚਾਲੇ ਅਨੁਭਵ ਦੀ ਨਿਰੰਤਰਤਾ ਨੂੰ ਸਾਖੀ ਦੇ ਦੈਵੀ-ਅਨੁਭਵ ਦੁਆਰਾ ਦ੍ਰਿਸ਼ਟੀਗੋਚਰ ਕਰਵਾਉਂਦੇ ਹਨ। ਗੁਰੂ ਦੇ ਬ੍ਰਹਿਮੰਡੀ ਵਰਤਾਰੇ ਨੂੰ ਸਾਖੀ ਰਮਜ਼ ਦੇ ਅਨੁਭਵ ਦੁਆਰਾ ਲਿਖਦੇ ਹਨ। ਪ੍ਰੋ. ਪੂਰਨ ਸਿੰਘ ਦੇ ਫ਼ਲਸਫ਼ੇ ਵਿਚ ਸਾਖੀ ਨੇਮ ਵਿਚਲੀ ਜੁਗਤਿ ਰਾਹੀਂ ਸਿੱਖੀ ਦੇ ਅਨੰਤ ਬ੍ਰਹਮੰਡੀ ਪਸਾਰਾਂ ਨੂੰ ਸ਼ਬਦ ਦੀ ਦਿੱਬਤਾ ਹੇਠਾਂ ਪ੍ਰਕਾਸ਼ਮਾਨ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੀ ਸੂਰਤ ਵਿਚ ਸਿੱਖੀ ਦੀ ਜੋ ਤਸਵੀਰ ਪੇਸ਼ ਹੈ ਉਹ ਅਜੋਕੇ ਸਮੇਂ ਵਿਚ ਚੱਲ ਰਹੀ ਰਹੁ-ਰੀਤ ਤੋਂ ਭਿੰਨ ਹੈ।



ਪ੍ਰੋ. ਪੂਰਨ ਸਿੰਘ ਭਾਈ ਵੀਰ ਸਿੰਘ ਹੋਰਾਂ ਨਾਲ

ਉਹਨਾਂ ਨੂੰ ਸਿੱਖੀ ਇਕ ਰੂਹਾਨੀ ਜਲੌ ਵਾਲੀ ਪ੍ਰਤੀਤ ਹੁੰਦੀ ਹੈ ਜਿਸ ਵਿਚ ਪਿਆਰ ਹੀ ਪਿਆਰ ਹੈ। ਇਸ ਸਿੱਖੀ ਦੇ ਮੰਡਲਾਂ ਵਿਚ ਰਹਿਨ ਵਾਲੀ ਹਰ ਰੂਹ ਹਰਿਮੰਦਰ ਦਾ ਰੂਪ ਧਾਰਨ ਕਰਦੀ ਹੈ। ਇਹ ਸਿੱਖੀ ਸੌਖੀ ਵੀ ਹੈ ਅਤੇ ਔਖੀ ਵੀ। ਪਿਆਰ, ਸੁੰਦਰਤਾ, ਕਿਰਤ ਇਸ ਸਿੱਖੀ ਦੇ ਮੰਡਲਾਂ ਵਿਚ ਰੂਹਾਨੀ ਸਫ਼ਰ ਕਰਦੇ ਹਨ। ਇਸ ਵਿਚ ਨਾਮ ਦੀ ਅਮੀਰੀ ਦਾ ਜੀਵਨ ਸ਼ਬਦ ਦੇ ਰੂਹਾਨੀ ਧਰਾਤਲਾਂ ਉਪਰ ਖਿੜਦਾ ਹੈ। ਪ੍ਰੋ. ਪੂਰਨ ਸਿੰਘ ਦੀ ਨਜ਼ਰ ਵਿਚ ਵਾਲਟ ਵਿਟਮੈਨ, ਮੁਹੰਮਦ ਸਾਹਿਬ ਦੇ ਸ਼ਿਸ਼ ਸਭ ਸਿੱਖ ਦਿਖਾਈ ਦਿੰਦੇ ਹਨ।

ਸੁਤੰਤਰਤਾ ਪ੍ਰੋ. ਪੂਰਨ ਸਿੰਘ ਦੀ ਜੀਵਨ ਦ੍ਰਿਸ਼ਟੀ ਦਾ ਉਹ ਕੇਂਦਰ ਬਿੰਦੂ ਹੈ ਜਿਸ ਦੇ ਦੁਆਲੇ ਉਸਦੀ ਸਮੁੱਚੀ ਜੀਵਨ ਜਾਚ ਦਾ ਸਿਧਾਂਤਕ ਅਤੇ ਵਿਹਾਰਕ ਤਾਣਾ-ਬਾਣਾ ਬੁਣਿਆ ਹੈ। ਪ੍ਰੋ. ਪੂਰਨ ਸਿੰਘ ਲਈ ਧਰਮ ਪਿਆਰ ਅਤੇ ਕਿਰਤ ਦੇ ਗੁਣਾਂ 'ਚੋਂ ਪੈਦਾ ਹੋਣ ਵਾਲਾ ਉਹ ਨੂਰੀ ਖੇੜਾ ਹੈ ਜਿਸ ਵਿਚ ਕਿਰਤੀ ਦੇ ਹੱਥ ਪੈਰ ਆਪਮੁਹਾਰੇ ਹੀ ਪਵਿੱਤਰ ਹੋ ਜਾਂਦੇ ਹਨ। ਕਿਰਤ ਅਤੇ ਪ੍ਰੇਮ ਦੇ ਗੁਣਾਂ 'ਚੋਂ ਪੈਦਾ ਹੋਇਆ ਮਜ਼੍ਹਬੀ ਜੀਵਨ ਹੀ ਸੱਚੀ ਸੁਤੰਤਰਤਾ ਨੂੰ ਮਾਣ ਸਕਦਾ ਹੈ। ਸਿੱਖ ਧਰਮ ਅੰਦਰਲੇ ਪ੍ਰੇਮ ਅਤੇ ਕਿਰਤ ਦੇ ਸੂਖਮ ਭਾਵ ਹੀ ਉਸਨੂੰ ਸਿੱਖੀ ਮਾਰਗ ਤੇ ਤੋਰਦੇ ਹਨ। ਇਸ ਕਾਰਨ ਹੀ ਪ੍ਰੋ. ਪੂਰਨ ਸਿੰਘ ਦੀ ਸਿੱਖੀ ਰੂਹਾਨੀ ਤਾਜ਼ਗੀ ਨਾਲ ਲੱਥ-ਪੱਥ ਅਤੇ ਪ੍ਰੇਮ ਮਾਰਗ ਵਾਲੀ ਸਿੱਖੀ ਹੈ। ਉਸਨੂੰ ਹਰ ਸਿੱਖ ਲਈ ਹਰ ਦਿਨ ਨਵਾਂ, ਹਰ-ਦਮ, ਹਰ ਸਾਹ ਇਕ ਨਵੀਂ ਤਾਜ਼ਗੀ ਵਾਲਾ ਮਹਿਸੂਸ ਹੁੰਦਾ ਹੈ। ਪ੍ਰੋ. ਪੂਰਨ ਸਿੰਘ ਦੀ ਸੁਰਤਿ ਵਿਚ ਸਿੱਖ ਜੀਵਨ ਪਿਆਰ ਵਾਲਾ ਹੈ। ਹਰ ਸਿੱਖ ਦੇ ਦਿਲ ਵਿਚੋਂ ਸਿੱਖੀ ਦਿਖਾਈ ਦੇਣਾ ਹੀ ਹਰ ਸਿੱਖ ਦਾ ਪਹਿਲਾ ਕਰਮ ਹੈ। ਸਿੱਖੀ ਦੇ ਇਸ ਜੀਵਨ ਵਿਚ ਸੁਰਤਿ ਨੂੰ ਇਕਾਗਰ ਕਰਕੇ ਹੀ ਸ਼ਬਦ ਦੇ ਰੂਹਾਨੀ ਮੰਡਲਾਂ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਸੱਚ ਦੁਆਰਾ ਹੀ ਇਸ ਅਬਚਲੀ ਜੋਤ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਬ੍ਰਹਿਮੰਡੀ ਧਰਾਤਲਾਂ ਉਪਰ ਅਰਸ਼ੀ ਅਕਲ ਹੀ ਸ਼ਬਦ ਦੇ ਦੈਵੀ ਰਹੱਸ ਨੂੰ ਅਨੁਭਵ ਕਰ ਸਕਦੀ ਹੈ। ਇਹ ਸਿੱਖੀ ਹੈ ਜੋ ਪੂਰਨ ਸਿੰਘ ਆਪਣੀ ਦ੍ਰਿਸ਼ਟੀ ਵਿਚ ਮਹਿਸੂਸ ਕਰਦਾ ਹੈ। ਇਸ ਸਿੱਖੀ ਦੇ ਮੰਡਲਾਂ ਵਿਚ ਗੁਰਮੁਖੀ ਅਕਲ ਦੀ ਹੀ ਲਿਵ ਲੱਗੀ ਹੁੰਦੀ ਹੈ ਜੋ ਸੱਚਖੰਡ ਦੇ ਰੂਹਾਨੀ ਜਲਵਿਆਂ ਨੂੰ ਅਨੁਭਵ ਕਰ ਸਕਦੀ

ਹੈ। ਚੰਗੀਆਂ ਰੂਹਾਂ ਦਾ ਬਚਪਨ ਅਤੇ ਬਚਪਨ ਦੀ ਬੇਗੁਨਾਹੀ ਇਸ ਅਰਸ਼ੀ ਅਕਲ ਦੀ ਮੂਰਤ ਹੈ। ਨਿਰੋਲ ਪਵਿੱਤਰ ਸਤਿਗੁਰੂ ਨਾਨਕ ਦੀ ਮਮਤਾ ਦਾ ਹਿੱਸਾ ਮਿਲਣਾ ਹੀ ਤਾਂ ਸਿੱਖੀ ਹੈ।

ਪ੍ਰੋ. ਪੂਰਨ ਸਿੰਘ ਦੀ ਦ੍ਰਿਸ਼ਟੀ ਵਿਚ ਜਦੋਂ ਫਰਿਸ਼ਤੇ ਰੂਹ ਜਦ ਮਾਤ ਲੋਕ ਵਿਚ ਆ ਗੁਰਮੁਖੀ ਢੰਗਾਂ ਹੇਠਾਂ ਸੱਚਖੰਡ ਨੂੰ ਅਨੁਭਵ ਕਰਦੇ ਹਨ ਉਹ ਸੰਤਸੰਗ ਹੈ। ਇਹ ਸੰਤਸੰਗ ਹੀ ਸੁਰਤਿ ਨੂੰ ਸਿੱਖੀ ਦੇ ਮਾਰਗ ਰਾਹੀਂ ਪ੍ਰਮਾਤਮਾ ਵਿਚ ਅਭੇਦਤਾ ਬਖਸ਼ਦਾ ਹੈ। ਇਲਾਹੀ ਅਕਲ ਦਾ ਸਤਿਬਚਨ ਸਿੱਖੀ ਦਾ ਸਿੱਧਾ ਰਾਹ ਹੈ। ਇਹਨਾਂ ਆਤਮਕ ਮੰਡਲਾਂ ਵਿਚ ਹੀ ਸਿੱਖੀ ਦਾ ਪੂਰਨ ਖਿੜਾਅ ਹੁੰਦਾ ਹੈ। ਸਿੱਖੀ ਮੌਲਦੀ ਹੈ। ਇਹ ਸਿੱਖੀ ਪਿਆਰ ਹੈ। ਪਿਆਰ ਦੀ ਪਾਤਸ਼ਾਹੀ ਰੂਹ ਦੀ ਪਾਤਸ਼ਾਹੀ ਹੈ। ਇਹ ਇਕ ਰੂਹਾਨੀ ਜਜ਼ਬਾ ਹੈ ਜਿਸ ਨੂੰ ਉਹ 'ਨਿਹੁੰ ਨ ਲਗਦੇ ਜੋਰੀ' ਆਖਦਾ ਹੈ।

ਪ੍ਰੋ. ਪੂਰਨ ਸਿੰਘ ਦੀ ਦ੍ਰਿਸ਼ਟੀ ਦੈਵੀ ਰਹੱਸ ਦੇ ਪਸਾਰ ਨੂੰ ਸਿੱਖ ਸੁਰਤਿ ਵਿਚ ਅਨੁਭਵ ਕਰਵਾਉਂਦੀ ਹੈ। ਪ੍ਰੋ. ਪੂਰਨ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ਵ ਸਾਹਿਤ ਵਿਚ ਅਨੁਭਵ ਦੀ ਸਭ ਤੋਂ ਵੱਡੀ ਰਚਨਾ ਮੰਨਦਾ ਹੈ। ਉਹ ਉੱਚੀ ਸੁਰਤਿ ਨਾਲ ਇਕਸੁਰ ਸਾਹਿਤ ਨੂੰ ਹੀ ਮਹਾਨ ਸਾਹਿਤ ਪ੍ਰਵਾਨ ਕਰਦਾ ਹੈ। ਪ੍ਰੋ. ਪੂਰਨ ਸਿੰਘ ਪਹਿਲਾ ਚਿੰਤਕ ਹੈ ਜੋ ਸਾਹਿਤ ਦੀ ਵਿਲੱਖਣਤਾ ਅਤੇ ਮੌਲਿਕਤਾ ਨੂੰ ਜਾਗੀ ਸੁਰਤਿ ਵਾਲੇ ਮਨੁੱਖਾਂ ਦੇ ਜੀਵਨ ਅਨੁਭਵ ਨਾਲ ਜੋੜਦਾ ਹੈ। ਇਸ ਦੇ ਅਰਸ਼ੀ ਮੰਡਲਾਂ ਨੂੰ ਖੋਲਣ ਲਈ ਉਹ ਕਾਵਿ ਰੂਪ ਵਿਚ ਵੀ ਲਿਖਦਾ ਹੈ। ਪ੍ਰੋ. ਪੂਰਨ ਸਿੰਘ ਰਚਿਤ ਸਾਹਿਤ ਅਜਿਹਾ ਉੱਚਾ ਸਾਹਿਤ ਹੈ ਜੋ ਅਨੁਭਵੀ ਅਤੇ ਰਹੱਸਮਈ ਰਮਜ਼ਾਂ ਨੂੰ ਛੂਹੰਦਾ ਹੈ। ਉਹ ਕੇਵਲ ਸਾਹਿਤ ਰਚਨ ਦੀ ਖਾਤਰ ਨਹੀਂ ਲਿਖਦਾ। ਉਹ ਜਦ ਲਿਖਦਾ ਹੈ ਤਾਂ ਸਾਹਿਤ ਖੇਤਰ ਵਿਚੋਂ ਰੱਬ ਚੁਣ ਰਿਹਾ ਹੁੰਦਾ ਹੈ। ਕਿਉਂਕਿ ਉਹ ਆਪ ਕਹਿੰਦਾ ਹੈ, "ਕਵੀ ਚਿਤ ਜਦ ਤਲਵਾਰ ਚੁੱਕਦਾ ਹੈ ਤਾਂ ਜੰਗ ਨਹੀਂ ਕਰ ਰਿਹਾ ਹੁੰਦਾ, ਕਰਮ ਖੇਤਰ ਵਿਚੋਂ ਰੱਬ ਚੁਣ ਰਿਹਾ ਹੁੰਦਾ ਹੈ।" ਇਸ ਲਈ ਉਹ ਮੁਹੰਮਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਨੂੰ ਨਹੀਂ ਦੇਖਦਾ, ਉਹਨਾਂ ਨੂੰ ਕਰਮ ਖੇਤਰ ਵਿਚੋਂ ਰੱਬ ਚੁਣਦਾ ਦੇਖਦਾ ਹੈ। ਇਸ ਤਰ੍ਹਾਂ ਕਵਿਤਾ ਅਤੇ ਵਾਰਤਕ ਪ੍ਰੋ. ਪੂਰਨ ਸਿੰਘ ਦੇ ਅਧਿਆਤਮਕ ਧਰਾਤਲਾਂ ਤੋਂ ਜਾਣੂ ਕਰਵਾਉਂਦੀ ਹੈ। ਪ੍ਰੋ. ਪੂਰਨ ਸਿੰਘ ਆਪਣੀਆਂ ਲਿਖਤਾਂ ਵਿਚ ਸਿੱਖੀ ਦੀ ਵਿਸ਼ਾਲਤਾ ਨੂੰ ਦਰਸਾਉਂਦਾ ਹੈ। ਉਹ ਕਿਸੇ ਧਰਮ ਜਾਂ ਪੰਥ ਦੀ ਅਲੋਚਨਾ ਨਹੀਂ ਕਰਦਾ ਬਲਕਿ ਸਿੱਖੀ ਦੀ ਵਿਲੱਖਣਤਾ ਨੂੰ ਦਰਸਾਉਂਦਾ ਹੈ। ਇਸੇ ਲਈ ਉਸਨੂੰ ਹਰ ਇਕ ਵਿਚ ਸਿੱਖੀ ਦੀ ਲੋਅ ਝਲਕਦੀ ਦਿਸਦੀ ਹੈ। ਉਸਨੂੰ ਪ੍ਰਮਾਤਮਾ, ਪਾਰਬ੍ਰਹਮ ਹਰ ਕਿਣਕੇ ਵਿਚ ਵਸਿਆ ਹੋਇਆ ਦਿਖਾਈ ਦਿੰਦਾ ਹੈ। ਸਿੱਖ ਸੁਰਤਿ ਦੇ ਅਨੁਭਵ ਵਿਚ ਪ੍ਰੋ. ਪੂਰਨ ਸਿੰਘ ਕਿਰਤੀ ਜੀਵਨ ਦੀ ਵਿਲੱਖਣਤਾ ਨੂੰ ਸਿੱਖੀ ਦੀ ਸਭ ਤੋਂ ਵੱਡੀ ਵਿਲੱਖਣਤਾ ਦਰਸਾਉਂਦਾ ਹੈ। ਕਿਰਤੀ ਜੀਵਨ ਤੋਂ ਬਗੈਰ ਉਸਨੂੰ ਧਰਮ ਇਕ ਕਰਮ ਕਾਂਡ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਸ਼ਬਦ-ਸੁਰਤਿ ਦੇ ਸੰਗਮ ਨੂੰ ਆਪਣੀ ਲਿਖਤ ਵਿਚ ਨਿਰੁਪਮ ਕਰਦਾ ਹੈ। ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਦੀਆਂ ਸਾਰੀਆਂ ਲਿਖਤਾਂ ਵਿਚੋਂ ਪ੍ਰਮਾਤਮਾ ਦੇ ਬ੍ਰਹਮੰਡੀ ਵਰਤਾਰਿਆਂ ਨੂੰ ਦੇਖਿਆ ਜਾ ਸਕਦਾ ਹੈ। ਗੰਭੀਰ ਅਧਿਆਤਮਕਤਾ, ਡੂੰਘੀ ਬੌਧਿਕਤਾ, ਵਿਲੱਖਣ ਭਾਵੁਕਤਾ ਨੂੰ ਪ੍ਰੋ. ਪੂਰਨ ਸਿੰਘ ਦੇ ਜੀਵਨ ਵਿਚ ਦੇਖਿਆ ਜਾ ਸਕਦਾ ਹੈ। ਉਹ ਨੂਰ ਨਾਲ ਖੇਡਦਾ ਹੈ। ਉਹ ਆਤਮਕ ਮੰਡਲਾਂ ਵਿਚ ਸਿੱਖੀ ਦੇ ਪੂਰਨ ਖਿੜਾਅ ਨੂੰ ਮਹਿਸੂਸ ਕਰਦਾ ਹੈ। ਇਸ ਖਿੜਾਅ ਦੀ ਸਥਿਤੀ ਵਿਚ ਹੀ ਪ੍ਰੋ. ਪੂਰਨ ਸਿੰਘ ਗੁਰਬਾਣੀ ਦੀ ਵਿਆਖਿਆ ਕਰਦਾ ਹੈ। ਜਿਸ ਵਿਚ ਉਹ ਸ਼ਬਦ ਦੇ ਦੈਵੀ ਮੰਡਲਾਂ ਨੂੰ ਸਮਝਦਾ ਹੋਇਆ ਰੂਹਾਨੀਅਤ ਨੂੰ ਮਾਣਦਾ ਹੈ। ਪ੍ਰੋ. ਪੂਰਨ ਸਿੰਘ ਕਹਿੰਦਾ ਹੈ ਕਿ ਇਹ ਜੀਵਨ ਉਸ ਪ੍ਰਭੂ-ਪ੍ਰੀਤਮ ਦੀ ਦਾਤ ਹੈ। ਪ੍ਰੇਮ ਦੀ ਆਵੇਸ਼ਗਤ ਅਵਸਥਾ ਵੀ ਉਸ ਦੀ ਦੇਣ ਹੈ। ਸ੍ਰਿਸ਼ਟੀ ਬੜੀ ਵਿਸਮਾਦਜਨਕ ਹੈ, ਇਸ ਦੀ ਆਤਮਾ ਵਿਚ ਪ੍ਰਭੂ-ਪ੍ਰੀਤਮ ਦੀ ਛੁਹ ਵਿਦਮਾਨ ਹੈ। ਇਸ ਸਮੱਸਤ ਮਹਾਂ-ਅਨੰਦ ਦੇ ਰਾਗ ਉਛਾਲਿਆਂ ਦੀ ਅਮੁਕ ਖੁਸ਼ੀ ਹੀ ਜੀਵਨ ਹੈ। ਉਸ ਦੁਆਰਾ ਸੰਗਤ ਦਾ ਸੰਕਲਪ ਪੂਰਨਤਾ ਤੱਕ ਪੁੱਜਣ ਦਾ ਰਾਹ ਦਰਸਾਉਂਦਾ ਹੈ। ਉਹ ਕਹਿੰਦਾ ਹੈ ਕਿ ਜੇਕਰ ਤੁਸੀਂ ਸਿੱਖ ਬਾਰੇ ਜਾਨਣਾ ਚਾਹੁੰਦੇ ਹੋ ਤਾਂ ਉਸਨੂੰ ਪ੍ਰੇਮ ਕਰੋ। ਪ੍ਰੋ. ਪੂਰਨ ਸਿੰਘ ਗੁਰਮਤਿ ਅਚਾਰੀਆ, ਸਿੱਖ ਚਿੰਤਕ, ਸਿੱਖ ਅਧਿਆਤਮਵਾਦੀ ਸਰੂਪ ਵਿਚ ਕਵੀ ਅਤੇ ਗੁਰਬਾਣੀ ਦੇ ਵਿਆਖਿਆਕਾਰ ਹਨ।

ਪ੍ਰੋ. ਪੂਰਨ ਸਿੰਘ ਦੀ ਬੇਜੋੜ ਪ੍ਰਤਿਭਾ ਵਿਚ ਇਹ ਸਹਿਜੇ ਹੀ ਮੰਨਿਆ ਜਾ ਸਕਦਾ ਹੈ ਕਿ ਉਹਨਾਂ ਨੇ ਗੁਰਬਾਣੀ ਦੇ ਸ਼ਬਦਾਂ ਦੀ ਜੋ ਵਿਆਖਿਆ ਕੀਤੀ ਉਹ ਆਪਣੇ ਆਪ ਵਿਚ ਇਕ ਨਿਵੇਕਲੀ ਦੇਣ ਹੈ। ਗੁਰਬਾਣੀ ਦੀ ਵਿਆਖਿਆ ਸਾਧਾਰਨ ਰੂਪ ਵਿਚ ਟੀਕਾਕਾਰੀ ਜਾਂ ਅਰਥ ਬੋਧ ਤਕ ਸੀਮਤ ਵਿਆਖਿਆ ਨਹੀਂ ਸਗੋਂ ਇਹ ਤਾਂ ਇੱਕ ਪ੍ਰਕਾਰ ਦੀ ਭਾਵਨਾ ਮੂਲਕ ਪ੍ਰੇਮ ਰੱਤੀ, ਭਾਵ-ਪ੍ਰਕਾਸ਼ਨੀ ਇਕ ਵਿਲੱਖਣ ਜਿਹੀ ਪੁਨਰ-ਸਿਰਜਣਾ ਹੈ, ਜਿਸ ਵਿਚ ਆਪ ਗੁਰਬਾਣੀ ਦੇ ਸ਼ਬਦ ਦੇ ਅੰਤਰੀਵ ਤੱਤ ਦੇ ਭਾਵ ਸੰਚਾਰ ਦੇ ਪ੍ਰਵਾਹ ਨੂੰ ਆਪਣੀ ਵਿਅਕਤੀਗਤ ਪਕੜ ਵਿਚ ਲੈ ਕੇ ਉਸਨੂੰ ਆਪਣੀ ਪ੍ਰਗੀਤਕ ਕਾਵਿ-ਸ਼ੈਲੀ ਵਿਚ ਅਭਿਵਿਅਕਤ ਕਰ ਦਿੰਦੇ ਹਨ। ਇਸ ਵਿਆਖਿਆ ਵਿਚ ਪ੍ਰੋ. ਪੂਰਨ ਸਿੰਘ ਦਾ ਆਪਣਾ ਨਿਜ ਅਨੁਭਵ ਪਾਰਦਰਸ਼ੀ, ਅੰਤਰ-ਦ੍ਰਿਸ਼ਟੀ, ਅੰਤ ਤੱਕ ਦੀ ਪਸਰ ਜਾਣ ਵਾਲੀ ਕਲਪਨਾ ਦੇ ਮਧੁਰ ਭਾਵੁਕਤਾ ਦੀ ਪ੍ਰਗੀਤਕ ਤਰਲਤਾ ਦੇ ਗੁਣ ਵਿਦਮਾਨ ਹਨ, ਜਿਸ ਦਾ ਇਕ ਆਪਣਾ ਹੀ ਮਜੀਠੀ ਰੰਗ ਤੇ ਅੰਮ੍ਰਿਤਮਈ ਮਧੁਰ ਰਸ ਹੈ।

ਇਉਂ ਪ੍ਰੋ. ਪੂਰਨ ਸਿੰਘ ਦੀ ਸੁਰਤਿ ਦੀ ਕੇਂਦਰੀ ਕਿਰਤ ਸਿੱਖ ਦਰਸ਼ਨ ਅਤੇ ਗੁਰੂ ਸਾਹਿਬਾਨ ਦੀ ਵਿਸ਼ਵ ਵਿਆਪੀ ਅਤੇ ਬ੍ਰਹਿਮੰਡੀ ਦ੍ਰਿਸ਼ਟੀ ਹੈ ਜਿਸ ਦੇ ਚਾਨਣ ਵਿਚ ਪੂਰਨ ਸਿੰਘ ਸੱਚੀ ਸੁਤੰਤਰਤਾ, ਪਿਆਰ, ਕਿਰਤ, ਸੁੰਦਰਤਾ ਦੇ ਮਾਨਵੀ ਗੁਣਾਂ ਵਜੋਂ ਪਹਿਚਾਣਦਾ ਹੋਇਆ ਆਪਣੀ ਵਿਸ਼ਵ ਪੱਧਰੀ ਵਿਚਾਰ ਸ਼ੈਲੀ ਦਾ ਪ੍ਰਗਟਾਵਾ ਕਰਦਾ ਹੈ ਜਿਹੜੀ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਵਸਦੇ ਮਨੁੱਖ ਲਈ ਰਾਹ ਦਿਸੇਰਾ ਹੋ ਸਕਦੀ ਹੈ।


---

* ਖੋਜਾਰਥੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

❖ ❖ ❖ ❖

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਕ੍ਰਿਤਾਰਥ ਜੀਵਨ




ਭਗਤ- ਫੇਰ ਜੀ ਨਾਮ ਨਾਲ ਭਗਵਾਨ ਰੀਝ ਪੈਂਦਾ ਹੈ ਤਾਂ ਇਸ ਬਿਧ ਤੇ ਇਸ ਕਾਰਣ ਕਲਜਾਣ ਹੁੰਦੀ ਹੈ ?

ਗੁਰੂ ਜੀ- ਭਾਈ ! ਪਾਪ ਜੋ ਕਰੀਦੇ ਹਨ ਉਹਨਾਂ ਨਾਲ ਮਨ ਮੈਲਾ ਹੋ ਜਾਂਦਾ ਹੈ। ਓਹ ਮੈਲ ਨਿਰਮਲ ਪਾਸੇ ਨਹੀਂ ਜਾਣ ਦੇਂਦੀ। ਸੋ ਮੈਲ ਕੱਟਣੀ ਜ਼ਰੂਰੀ ਹੁੰਦੀ ਹੈ। ਓਹ ਮੈਲ 'ਨਾਮ' ਕੱਟਦਾ ਹੈ। **ਬਿਨੁ ਸਬਦੈ ਨਹੀ ਉਤਰੈ ਮੈਲੁ** ਫੇਰ ਨਾਮ, ਜਿਸ ਦਾ ਕਿ ਨਾਮ ਹੈ, ਉਸ ਵਲ ਲੈ ਜਾਂਦਾ ਹੈ, ਉਸਦੀ ਸ਼ਰਣ ਵਿਚ ਹਜ਼ੂਰੀ ਵਿਚ ਰੱਖਦਾ ਹੈ। ਨਾਮ ਨਾਲ 'ਸੁਚੇ' ਹੋ ਗਏ ਮਨ ਨੂੰ ਸੱਚਾ ਪਰਮੇਸ਼ਰ ਭਾਉਂਦਾ ਹੈ। ਉਸ ਭਾਵਨੀ (ਕਹੋ, ਪ੍ਰੇਮ ਕਹੋ) ਨਾਲ ਪ੍ਰਭੂ ਜੀ ਨੂੰ ਮਿਲ ਪੈਂਦਾ ਹੈ। ਅਨੰਤ ਪ੍ਰਭੂ ਜੀ ਉਸਨੂੰ ਆਪ ਮੇਲ ਲੈਂਦੇ ਹਨ। ਪਰੇਮੀ ਲੋਕ ਇਸ ਨੂੰ ਮੁਕਤੀ ਆਖਦੇ ਹਨ।

ਸਾਧ ਸੰਗਤ ਜੀ ! ਇਹ ਜੋ ਕੁਛ ਮੈਂ ਗੁਰੂ ਦਾ ਉਪਦੇਸ਼ ਭਗਤਾਂ ਪ੍ਰਤੀ ਹੋਇਆ ਆਪ ਨੂੰ ਸੁਣਾਇਆ ਹੈ, ਉਸ ਸ਼ਬਦ ਦੀ ਪਹਿਲੀ ਪਉੜੀ ਵਿਚ ਹੈ ਜੋ ਮੈਂ ਹੁਣੇ ਵਾਚਿਆ ਸੀ। ਸੋ ਸਮਝੋ ਕਿ ਅਜ ਸਾਡੇ ਤਾਂਈਂ ਇਹ ਉਪਦੇਸ਼ ਗੁਰੂ ਸਾਹਿਬ ਵਲੋਂ ਹੋਇਆ ਹੈ, ਲਓ ਸੁਣੋ ਫੇਰ, ਪਹਿਲੀ ਪਉੜੀ, ਰਹਾਉ ਤੇ ਦੂਜੀ ਪਉੜੀ ਜਿਸ ਦੀ ਵਿਆਖਿਆ ਮੈਂ ਸੁਣਾਈ ਹੈ:-

**ਮਨ ਕਾ ਕਹਿਆ ਮਨਸਾ ਕਰੈ॥ ਇਹੁ ਮਨੁ ਪੁੰਨੁ ਪਾਪੁ ਉਚਰੈ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ॥੧॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥੧॥ਰਹਾਉ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ॥ ਧਨੁ ਲੋਕਾਂ ਤਨੁ ਭਸਮੈ ਢੇਰੀ॥ ਖਾਕੂ ਖਾਕੁ ਰਲੈ ਸਭੁ ਫੈਲੁ॥ ਬਿਨੁ ਸ਼ਬਦੈ ਨਹੀਂ ਉਤਰੈ ਮੈਲੁ॥੨॥**

(ਬਿਲਾ: ਮ: ੧-ਅਸ਼੍ਰ-੨)

ਇਹ ਸੁਣ ਕੇ ਭਗਤ ਜਨਾਂ ਨੇ ਇਕ ਸੁਹਣਾ ਸਾਹ ਲਿਆ ਜਿਵੇਂ ਕੋਈ ਮਨ ਵਿਚ ਸਹੂਲਤ ਪ੍ਰਤੀਤ ਕਰਦਾ ਹੈ। ਫੇਰ ਮੁਖੀਏ ਨੇ ਅਰਜ਼ੋਈ ਕੀਤੀ- ਜੀ, ਇਹ ਜੋ ਭਗਤੀਏ ਲੋਕ ਰਾਸਾਂ ਪਾਉਂਦੇ ਗੀਤ ਗਾਉਂਦੇ ਤੇ ਨਚਦੇ ਟਪਦੇ ਹੈਨ, ਇਹ ਭਗਵਾਨ ਦੀ ਭਗਤੀ ਹੀ ਕਰਦੇ ਹਨ ਨਾਂ ! ਇਹ ਆਪ ਦੇ ਕਹੇ ਅਨੁਸਾਰ ਮੁਕਤ ਹੋ ਜਾਣਗੇ?

ਤਾਂ ਸ੍ਰੀ ਗੁਰੂ ਜੀ ਬੋਲੇ:- ਭਗਤ ਜਨੋ ! ਇਹ ਜੋ ਪਖਾਵਜਾਂ ਲੈ ਕੇ ਤਾਲ ਦੇ ਦੇ ਨੱਚਦੇ ਟੱਪਦੇ ਤੇ ਨਾਲ ਵਾਜੰਤ ਲੈ ਕੇ ਨਾਨਾਂ ਰਾਗਾਂ ਵਿਚ ਪਾ ਪਾ ਕੇ ਗੀਤ ਗਾਉਂਦੇ ਹਨ ਮਨੋ ਕੂੜੇ ਹੁੰਦੇ ਹਨ, ਕਿਉਂਕਿ ਇਨ੍ਹਾਂ ਦੀ ਬਿਰਤੀ ਮਾਇਆ ਵਲ ਹੁੰਦੀ ਹੈ। ਮਾਇਆ ਤ੍ਰੈ ਗੁਣਾਂ ਵਿਚ ਵਰਤਦੀ ਹੈ, ਸੋ ਮਾਇਆ ਦੇ ਪ੍ਰੇਮ ਵਿਚ ਰਾਗ ਵਜਾ ਕੇ ਤ੍ਰੈ ਗੁਣ ਹੀ ਵਧਦੇ ਹਨ, ਇਹਨਾਂ ਤ੍ਰੈ ਗੁਣਾਂ ਦੇ ਵਾਧੇ ਨਾਲ ਜੋ ਪਹਿਲਾਂ ਇਨ੍ਹਾਂ ਦੇ ਮਨਾਂ ਵਿਚ 'ਮਨਮਤਿ' ਸੀ ਉਹ 'ਦੁਰਮਤਿ' ਬਣ ਜਾਂਦੀ ਹੈ। ਫਲ ਇਹ ਕਿ ਜਨਮ ਮਰਨ ਦੀ ਪੀੜਾ ਦੂਰ ਨਹੀਂ ਹੁੰਦੀ ਸਗੋਂ ਦਵੈਤ ਭਾਵਨਾ ਪੱਕੀ ਹੁੰਦੀ ਜਾਂਦੀ ਹੈ, ਕਰਤਾਰ ਤੋਂ ਵਿੱਥ ਵਧਦੀ ਜਾਂਦੀ ਹੈ ਤੇ ਜਨਮ ਲੈ ਕੇ ਬਿਨਸਦੇ ਰਹਿਣ ਦਾ ਚੱਕ੍ਰ ਨਹੀਂ ਮਿਟਦਾ। ਭਾਈ, ਭਗਤ ਜਨੋਂ! ਐਸੇ ਲੋਕਾਂ ਲਈ ਬੀ ਦਾਰੂ ਉਹੋ ਹੈ ਕਿ ਹਰੀ ਦੇ ਗੁਣ ਗਾਵਨ, ਪਰ ਗੁਰਮੁਖ ਤੋਂ ਜਾਚ ਸਿਖ ਕੇ। ਗੁਰਮੁਖ ਕੀ ਜਾਚ ਦੱਸੇਗਾ? ਤ੍ਰੈ ਗੱਲਾਂ (1) ਨਿਰਮਲ ਕਰਮ ਕਰੋ (2) ਕਰਤਾਰ ਦੇ ਗੁਣ ਕਰਤਾਰ ਦੇ ਪ੍ਰੇਮ ਵਿਚ ਕਰਤਾਰ ਪ੍ਰਾਪਤੀ ਲਈ ਗਾਉ ਤੇ (3) ਨਾਮ ਆਰਾਧਦਾ ਕਰਤਾਰ ਦੀ ਹਜ਼ੂਰੀ ਵਿਚ ਵੱਸੋ। ਸੋ ਗੁਰਮੁਖ ਦੇ ਸਤਿਸੰਗ ਵਿਚ ਰਹਿਣਾ ਪਰਮ ਲਾਹੇਵੰਦ ਹੈ ਜੋ ਸਮੇਂ ਸਮੇਂ ਉੱਕਣ ਨਾ ਦੇਵੇਗਾ। ਦਾਰੂ ਤਾਂ ਗੁਣ ਗਾਉਣ ਵਿਚ ਹੈ ਪਰ ਗੁਣ ਗਾਇਣ ਦਿਲ ਅੰਦਰ 'ਮਾਇਆ' ਦੀ ਕੁੰਡੀ ਲਾ ਕੇ ਕੀਤਾ, ਆਪਣੀ ਕਲਜਾਣ ਨਹੀਂ ਕਰਦਾ।

ਕੁਛ ਪਲ ਚੁਪ ਰਹਿਕੇ ਸਾਧੂ ਜੀ ਫੇਰ ਬੋਲੇ: ਗੁਰੂ ਕੇ ਪ੍ਰੇਮੀਓ! ਇਹ ਜੋ ਸਤਿਗੁਰ ਦੀ ਵਾਰਤਾਲਾਪ ਦਾਸ ਨੇ ਸੁਣਾਈ ਹੈ, ਇਹ ਜੋ ਵਾਕ ਪ੍ਰਾਪਤ ਹੋਇਆ ਸੀ ਉਸੇ ਦੀ ਤੀਜੀ ਪਉੜੀ ਦੀ ਵਜਾਖਜਾ ਤੇ ਸਾਖੀ ਦੀ ਕਥਾ ਸੀ। ਉਹ ਪਉੜੀ ਮੈਂ ਫੇਰ ਪੜ੍ਹਦਾ ਹਾਂ ਜੋ ਆਪ ਜੀ ਦੇ ਹਿਰਦੇ ਵਿਚ ਲੰਘ ਜਾਵੇ:-

**ਗੀਤ ਰਾਗ ਘਨ ਤਾਲ ਸਿ ਕੂਰੇ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥ ਦੂਜੀ ਦੁਰਮਤਿ ਦਰਦੁ ਨ ਜਾਇ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ॥੩॥** (ਬਿਲਾ: ਮ: ੧-ਅਸ਼੍ਰ-੨)

ਸਤਿਗੁਰ ਦੇ ਬਚਨ ਸੁਣਕੇ ਫੇਰ ਮੁਖੀਏ ਭਗਤ ਨੇ ਹਥ ਜੋੜਕੇ ਹੋਰ ਅਰਜ਼ ਕੀਤੀ:-

ਇਕ ਖਾਸ ਤਰਕੀਬ ਨਾਲ ਧੋਤੀ ਪਹਿਨਦੇ ਹਨ, ਇਕ ਖਾਸ ਖਾਸ ਤਰ੍ਹਾਂ ਦੇ ਤਿਲਕ ਲਾਉਂਦੇ ਹਨ; ਇਕ ਖਾਸ ਖਾਸ ਤਿਥਾਂ ਪੁਰਬਾਂ ਤੇ ਨ੍ਹਾਉਂਦੇ ਸ਼ਾਸਤਰਾਂ ਦੀ ਘੋਖਨਾ ਕਰਦੇ ਪੰਡਤ ਬੀ ਹੈਨ। ਇਕ ਮਾਲਾ ਰੁਦ੍ਰਾਖ ਦੀ ਪਹਿਨਦੇ ਹਨ, ਇਕ ਤੁਲਸੀ ਦੀ ਪਹਿਨਦੇ ਵੈਸ਼ਨਵ ਅਖਵਾਉਂਦੇ ਹਨ। ਇਸ ਤਰ੍ਹਾਂ ਜੈਨੀ, ਬੋਧੀ, ਅਨੇਕ ਮਤ ਤੇ ਸੰਪ੍ਰਦਾਵਾਂ ਹਨ, ਦੱਸੋ ਜੀਓ! ਗਤੀ ਕਿਸ ਦੀ ਹੋਵੇਗੀ?

ਸ੍ਰੀ ਗੁਰੂ ਜੀ ਮੁਸਕਰਾਏ ਤੇ ਬੋਲੇ: ਭਾਈ! ਜਿਤਨੇ ਵਿਖੇਵੇਂ ਹਨ ਇਹ ਮਾਇਆ ਪਈ ਹੋਈ ਦੀ ਮਾਨੋ ਨਿਸ਼ਾਨੀ ਹਨ। ਅਸਲੀਅਤ ਵੱਖੋ ਵੱਖ ਨਹੀਂ, ਓਹ ਇਕੋ ਹੈ, ਜਿਸ ਨੇ ਉਸਨੂੰ ਫੜਿਆ ਹੈ ਉਹੋ ਪਾਰਗਿਰਾਮੀ ਹੁੰਦਾ ਹੈ। ਜਿਸ ਦੇ ਅੰਦਰ ਕ੍ਰੋਧ ਆਦਿ ਪੰਜੇ ਮਹਾਂਬਲੀ ਪ੍ਰਬਲ ਹਨ, ਉਹ ਮਾਇਆ ਵਿਚ ਹੈ। ਉਸਨੂੰ ਮਾਨੋ ਮਾਇਆ ਦਾ ਇਕ ਨਸ਼ਾ ਚੜ੍ਹ ਰਿਹਾ ਹੈ। ਜਦ ਤਰ੍ਹਾਂ ਤਰ੍ਹਾਂ ਨਾਲ ਮੋਹ ਲੈਣ ਵਾਲੀ ਮਾਇਆ ਆਪਣਾ ਮਦ ਚਾੜ੍ਹ ਰਹੀ ਹੋਵੇ ਤਾਂ ਓਹ ਸਾਰੇ ਮਤ ਮਤਾਂਤਰਾਂ ਤੇ ਸੰਪ੍ਰਦਾਵਾਂ ਵਾਲੇ, ਸਮਝ ਲਓ ਕਿ, ਇਕ ਨਟਸ਼ਾਲਾ ਵਿਚ ਨਟ ਵਿਦਜਾ ਪੜ੍ਹ ਰਹੇ ਹਨ। ਜਿਨ੍ਹਾਂ ਦੇ ਅੰਦਰ ਨਾਮ ਹੈ, ਉਹਨਾਂ ਦੇ ਅੰਦਰ ਅਸਲੀਅਤ ਆ ਗਈ ਹੈ। ਉਹਨਾਂ ਦਾ ਮਾਯਾ ਦਾ ਨਸ਼ਾ ਤ੍ਰੁਟ ਰਿਹਾ ਹੈ ਯਾ ਤ੍ਰੁਟ ਗਿਆ ਹੈ। ਹਾਂ, ਜਿਨ੍ਹਾਂ ਨੇ ਗੁਰੂ ਨੂੰ ਮਿਲਕੇ ਕਰਤਾਰ ਦੀ ਭਗਤੀ ਧਾਰਨ ਕਰ ਲਈ ਹੈ ਓਹ ਆਤਮ ਸੁਖ ਵਿਚ ਆਏ ਹਨ। ਇਸ ਤੋਂ ਬਿਨਾਂ ਜੋ ਅੰਤਰ ਮਾਇਆ ਰਖਕੇ

ਭੇਖ ਧਾਰ ਰਹੇ ਤੇ ਸੰਪ੍ਰਦਾਈ ਵਖੇਵੇਂ ਸਿੱਖ ਰਹੇ ਤੇ ਜਗਤ ਨੂੰ ਤਜਾਗੀ ਵਿਰਾਗੀ, ਸਾਧੂ, ਪੂਜ, ਸਿਧ, ਮੁਨੀ ਬਣ ਬਣਕੇ ਦਿਖਾ ਰਹੇ ਹਨ ਓਹ ਨਟ ਵਾਂਙੂ ਨਾਟਕ ਵਿਦਜਾ ਸਿੱਖ ਰਹੇ ਤੇ ਨਾਟ ਕਰ ਰਹੇ ਹਨ ਤੇ ਨਟ ਵਾਂਙੂ ਮਾਇਆ ਪ੍ਰਾਪਤੀ ਦੇ ਨਸ਼ੇ ਵਿਚ ਗੁੱਟ ਹਨ, ਪਰਮਪਦ ਦੇ ਉਹ ਜਾਣੂ ਨਹੀਂ ਹਨ। ਪਰ ਇਹਨਾਂ ਲਈ ਬੀ ਕਰਤਾਰ ਦੇ ਘਰ ਦੇ ਦਰਵਾਜ਼ੇ ਬੰਦ ਨਹੀਂ ਹਨ। ਏਹ ਭੀ ਮਾਇਆ ਤੋਂ ਛੁਟ ਕੇ ਮੁਕਤ ਹੋ ਸਕਦੇ ਹਨ। ਇਹਨਾਂ ਦਾ ਦਾਰੂ ਭੀ ਉਹ ਹਰੀ ਦਾ ਗੁਨ ਗਾਜਣ ਹੈ, ਪਰ ਜੇ ਗੁਰਮੁਖ ਦੀ ਆਗਿਆ ਵਿਚ ਗੁਰਮਤਿ ਅਨੁਸਾਰ ਕੀਰਤਨ ਕਰਨ। ਉਹ ਗੁਰਮਤਿ ਇਹ ਹੈ ਕਿ ਮਾਯਾ ਦੀ ਵਾਸ਼ਨਾ ਛਡ ਕੇ ਹਰੀ ਕੀਰਤਨ ਕਰਨ ਤੇ ਆਪਣੇ ਸਿਰਜਨਹਾਰ ਵਲ ਧਜਾਨ ਕਰਕੇ ਉਸਨੂੰ ਸੁਨਾਉਣ।

ਸਾਧ ਸੰਗਤ ਜੀ! ਇਹ ਗੁਰੂ ਜੀ ਦੀ ਵਾਰਤਾਲਾਪ ਜੋ ਮੈਂ ਖੁਹਲਕੇ ਸੁਣਾਈ ਹੈ ਸ੍ਰੀ ਸਤਿਗੁਰੂ ਜੀ ਨੇ ਐਉਂ ਉਸ ਸ਼ਬਦ ਵਿਚ ਗੁੰਦੀ ਹੈ, ਜੋ ਮੈਂ ਹੁਣੇ ਆਪ ਨੂੰ ਸੁਣਾਇਆ ਹੈ। ਇਹ ਉਸ ਸ਼ਬਦ ਦੀ ਚੋਥੀ ਪਉੜੀ ਹੈ, ਲਓ ਕੰਨ ਪਵਿੱਤਰ ਕਰੋ, ਫੇਰ ਸੁਣੋਂ :-

**ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਾਟਸਾਲਾ॥ ਨਾਮੁ ਵਿਸਾਰਿ ਮਾਇਆ ਮਦੁ ਪੀਆ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥੪॥੨॥** (ਬਿਲਾ: ਮ: ੧-ਅਸ਼ੂ-੨)

ਸਤਿਨਾਮ ਸ੍ਰੀ ਵਾਹਿਗੁਰੂ ਉਚਾਰੋ ਗੁਰੂ ਕੇ ਪਿਆਰਿਓ!

ਹੁਣ ਭਗਤਾਂ ਦੇ ਆਗੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਗੇ ਹੱਥ ਬੰਨ੍ਹਕੇ ਹੋਰ ਪ੍ਰਸ਼ਨ ਕੀਤਾ:-

ਜੀਓ ਜੀ! ਦੇਖਣ ਵਿਚ ਆਇਆ ਹੈ ਕਿ ਇਕ ਮਹਾਂ ਪੁਰਖ ਠਾਕੁਰ ਜੀ ਦਾ ਪਿਆਰਾ ਹੈ; ਉਸਦਾ ਸਤਿਸੰਗ ਕਰਕੇ ਕੋਈ ਜਗਜਾਸੂ ਉਸਨੂੰ ਸ਼ਿਸ਼ ਹੋ ਕੇ ਮਿਲਦਾ ਹੈ ਤੇ ਦੀਖਜਾ ਲੈਕੇ ਗੁਰੂ ਬਣਾ ਲੈਂਦਾ ਹੈ। ਜਦ ਕੁਛ ਅਭਜਾਸ ਨਾਲ ਰੰਚਕ ਸਿੱਧੀ ਆ ਜਾਂਦੀ ਹੈ ਤਾਂ ਆਪੂੰ ਕੁਛ ਬਣ ਬਹਿੰਦਾ ਹੈ ਤੇ ਗੁਰੂ ਦਾ ਕਿਹਾ ਬੀ ਨਹੀਂ ਮੰਨਦਾ, ਸਗੋਂ ਮੂੰਹ ਹੀ ਫੇਰ ਲੈਂਦਾ ਹੈ ਤੇ ਜਗਤ ਵਿਚ ਉਸਦੀ ਚਲ ਵੀ ਜਾਂਦੀ ਹੈ। ਚੇਲੇ ਬਾਲੇ, ਧਨ ਪਦਾਰਥ ਬੀ ਦੇਖੀਦੇ ਹਨ ਕਿ ਦੁਆਲੇ ਆ ਜਾਂਦੇ ਹੈਨ। ਸੁਆਮੀ ਜੀ! ਓਹ ਲੋਕ ਕਿਉਂ ਵਧਦੇ ਫੁਲਦੇ ਹੈਨ, ਉਹ ਤਾਂ ਪਤਿਤ ਹੋਏ!

ਸ੍ਰੀ ਗੁਰੂ ਜੀ ਬੋਲੇ:- ਭਾਈ, ਦੁਨੀਆ ਵਿਚ ਜਿਵੇਂ ਮਾਇਆ ਪ੍ਰੇਮੀ ਈਸ਼ੂਰ ਤੋਂ ਬੇਮੁਖ ਲੋਕ ਅਮੀਰ ਹੋਏ ਦੇਖੀਦੇ ਹਨ, ਓਸੇ ਗੇਣਤੀ ਵਿਚ ਇਹ ਹੋ ਜਾਂਦੇ ਹਨ। ਗਾਜਕਾਂ ਤੇ ਬੋਲਕਾਂ ਨੂੰ ਜੇ ਮਾਇਆ ਬਹੁਤੀ ਆ ਰਹੀ ਹੈ, ਜੇ ਚੇਲੇ ਬਹੁਤੇ ਬਣ ਰਹੇ ਹਨ, ਜੇ ਨਾਮਣਾ ਚੰਗਾ ਹੋ ਰਿਹਾ ਹੈ ਤਾਂ ਨਿਰਾ ਇਹ ਗਲ ਕੋਈ ਪੱਕੀ ਨਿਸ਼ਾਨੀ ਸਦਗਤੀ ਦੀ ਨਹੀਂ। ਉਨ੍ਹਾਂ ਦੇ ਇਸ ਐਸ਼ੂਰਜ ਵਲ ਨਾ ਤੱਕੋ, ਇਹ ਤਾਂ ਮਾਜਕ ਵਡਿੱਤ ਹੈ, ਉਹਨਾਂ ਦਾ ਅੰਤ ਤੱਕੋ। ਹਾਂ ਜੀ, ਉਨ੍ਹਾਂ ਦੀ ਤੁਸੀਂ ਅੰਤ੍ਰੀਵਗਤੀ ਤੇ ਅੰਤ ਤੱਕੋ। ਅੰਤ੍ਰੀਵ ਗਤੀ ਕੀਹ ਹੋ ਰਹੀ ਹੈ। ਕਿ ਓਹ ਚੇਲਿਆਂ ਦੇ ਲਿਹਾਜ਼ ਕਰਦੇ, ਮਾਯਾ ਪਿਛੇ ਗੁੱਝੀਆਂ ਖਾਤਰਾਂ ਕਰਦੇ, ਉਹਨਾਂ ਦੇ ਮਾਨੋਂ ਭਾਰ ਢੋਂਦੇ ਖੋਤੇ ਸਮਾਨ ਹਨ। ਵਿਰੋਧੀ ਲੋਕਾਂ ਤੇ ਹੋਰ ਮਤਾਂ ਵਾਲਿਆਂ ਨਾਲ ਝਗੜਦੇ, ਬਹਿਸਾਂ ਕਰਦੇ, ਓਹ ਕੂਕਰਾਂ ਸਮਾਨ ਲੌਂਦੇ ਹਨ। ਪਾਪੀ ਪੁਰਸ਼ਾਂ ਦੇ ਅੰਨ ਖਾਂਦੇ ਆਪਣੀ ਥੋੜੀ ਬਹੁਤ ਕੀਤੀ ਘਾਲ ਵੰਵਾਉਂਦੇ, ਉਹਨਾਂ ਦੇ ਗੰਦੇ ਪ੍ਰਭਾਵ ਲੈ ਲੈਕੇ ਸੂਰ ਦੀ ਨਜਾਈਂ ਮਲ ਭੱਖੀ ਹੋ ਜਾਂਦੇ ਹਨ। ਜੇ ਕਹੋ ਓਹ ਚੌਂਕੜੇ ਮਾਰਕੇ ਬੈਠਦੇ ਹਨ, ਬਿਨ ਹਿਲੇ ਬੈਠੇ ਸਮਾਧੀਆਂ ਵਿਚ ਲਗਦੇ ਹਨ, ਬਿਨ ਨ੍ਹਾਤੇ ਧੋਤੇ ਉਜਲੇ ਲਗਦੇ ਹਨ, ਇਨ੍ਹਾਂ ਦੀ ਇਹ ਬੈਠਕ ਕੁਛ ਸਾਰਦੀ ਹੈ ਕਿ ਨਹੀਂ? ਇਸਦਾ ਵਿਚਾਰ ਇਹ ਹੈ ਕਿ ਗੁਰੂ ਤੋਂ ਬੇਮੁਖ ਹੋਕੇ ਓਹ ਕਰਤਾਰ ਪ੍ਰੇਮੀ ਨਾ ਰਹੇ। ਨਿਰੰਜਨ ਪ੍ਰਭੂ ਦੀ ਮਾਯਾ ਉਹਨਾਂ ਦੇ ਅੰਦਰ ਪ੍ਰਧਾਨ ਹੋ ਜਾਂਦੀ ਹੈ। ਤਦ ਜੋ ਸਮਾਧੀ ਲਾਈ ਨੇ ਓਹ ਬਿੱਲੇ ਵਤ ਨੇ, ਜੋ ਚੂਹੇ ਦੀ ਖੁੱਡ ਦੇ ਲਾਗੇ ਹੱਥ ਪੈਰ ਖਾਸ ਤਰ੍ਹਾਂ ਸੰਕੋਚਕੇ ਅਹਿੱਲ ਬੈਠਦਾ ਹੈ, ਅੱਖਾਂ ਮੀਟੀ ਰਖਦਾ ਹੈ, ਰਤਾ ਸਰਕ ਦੀ ਆਵਾਜ਼ ਆਵੇ ਤਾਂ ਖੁਹਲਦਾ ਹੈ। ਜੇ ਕੁਛ ਨਾ ਦਿੱਸੇ ਤਾਂ ਅੱਖਾਂ ਮੀਟ ਲੈਂਦਾ ਹੈ, ਜੇ ਦਿੱਸ ਪਵੇ ਚੂਹਾ ਖੁੱਡ ਵਿਚੋਂ ਸਿਰੀ ਬਾਹਰ ਕਢਦਾ ਹੈ, ਤਾਂ ਬਿਜਲੀ ਦੀ ਫੁਰਤੀ ਨਾਲ ਝਪਟਦਾ ਤੇ ਉਸਨੂੰ ਗਿੱਚੀ ਤੋਂ ਨਪੜਕੇ ਖਿੱਚ ਲੈਂਦਾ ਹੈ। ਸੋ ਭਾਈ! ਉਹਨਾਂ ਦੀਆ ਬੈਠਕਾਂ ਸਮਾਧੀਆਂ ਨਹੀਂ ਹੁੰਦੀਆਂ। ਇਸ ਕਰਕੇ ਉਨ੍ਹਾਂ ਨੂੰ 'ਮੰਜਾਰ' ਅਰਥਾਤ 'ਬਿੱਲੇ' ਦੀ ਸਮਾਧੀ ਕਹੀਦਾ ਹੈ। ਮਾਇਆ ਚੂਹੇ ਦੇ ਨਪੜਨੇ ਲਈ ਬਿਲਾੜ ਬੈਠਕ ਹੁੰਦੀ ਹੈ। ਇਹ ਤਾਂ ਹੈ ਉਨ੍ਹਾਂ ਦੀ ਹੋਣ ਵਾਲੀ ਅੰਤ੍ਰੀਵ ਹਾਲਤ। ਸਰੀਰ ਛੋੜਕੇ ਵਾਸ਼ਨਾ ਅਨੁਸਾਰ ਵਾਸ਼ਨਾ ਰੱਸੀ ਨਾਲ ਬੱਧਿਆਂ ਉਨ੍ਹਾਂ ਦੀ ਭੁਆਟੀ ਜੂਨਾਂ ਵਿਚ ਹੋਵੇਗੀ। ਜੈਸੀ ਜੈਸੀ ਬ੍ਰਿਤੀ ਮਾਯਕ ਵਾਸ਼ਨਾ ਨਾਲ ਹੋ ਗਈ ਹੁੰਦੀ ਹੈ ਵੈਸੀ ਵੈਸੀ ਜੂਨ ਦੇ ਸਰੀਰ ਵਿਚ ਰੁਚੀ ਅਨੁਸਾਰ ਜਾ ਪਹੁੰਚਣਗੇ। ਮਰਕੇ ਓਹ ਸੂਕਰ, ਸੁਆਨ, ਗਰਧਭ, ਮੰਜਾਰ ਜੂਨ ਦਾ ਸੁਆਦ ਚੱਖਣਗੇ। ਜੇ ਓਹ ਮਾਨੁਖ ਸਰੀਰ ਵਿਚ ਆਉਣਗੇ ਤਾਂ ਉਤਮ ਜਨਮ ਨਹੀਂ ਹੋਵੇਗਾ। ਉਹਨਾਂ ਦਾ ਜਨਮ ਮਲੇਛਾਂ ਚੰਡਾਲਾਂ ਆਦਿ ਨੀਚ ਜਾਤੀਆਂ ਤੇ ਨੀਚ ਕਰਮਾਂ ਵਾਲਿਆਂ ਦੇ ਘਰ ਹੋਵੇਗਾ। ਕਿਉਂਕਿ ਓਹ ਮਰਕੇ ਸੁਤੰਤਰ ਨਹੀਂ ਹੋਏ। ਆਪਣੀਆਂ ਕੀਤੀਆਂ ਕਰਤੂਤਾਂ ਦੇ ਸੰਸਕਾਰਾਂ ਤੇ ਲੋਚੀਆਂ ਵਾਸ਼ਨਾ ਤੇ ਬਣ ਗਈਆਂ ਰੁਚੀਆਂ ਅਨੁਸਾਰ ਅੰਦਰੋਂ ਪਰਾਈ ਮਾਇਆ ਨੂੰ ਲੋਚਦੇ ਪਰਾਈਆਂ ਮੈਲਾਂ ਚਾਉਂਦੇ ਨਾਮ ਵਿਹੂਣੇ ਨੀਚ ਹੋ ਚੁਕੇ ਹੁੰਦੇ ਹਨ।

ਸੰਤ ਜੀ ਇਥੇ ਆ ਕੇ ਚੁਪ ਹੋ ਗਏ। ਫੇਰ ਇਕ ਲੰਮਾ ਸਾਹ ਲੈ ਕੇ ਬੋਲੇ:- ਸਾਧ ਸੰਗਤ ਜੀ! ਆਓ ਅਸੀਂ ਸਾਰੇ ਗੁਰੂ ਕੀ ਹਜ਼ੂਰੀ ਵਿਚ ਬੈਠੇ ਹੁਣ ਸਮਝ ਲਈਏ ਕਿ ਜੋ ਕੁਛ ਅਸੀਂ ਸੋਚ ਰਹੇ ਹਾਂ ਤੇ ਕਰ ਰਹੇ ਹਾਂ, ਏਹ ਵਾਸ਼ਨਾ ਅੰਦਰ ਸੰਸਕਾਰ ਬਣਕੇ ਬਹਿ ਜਾਂਦੀਆਂ ਹਨ। ਉਹੋ ਕੁਛ ਭੋਗਣ ਲਈ ਉਨ੍ਹਾਂ ਹੀ ਭੋਗ ਜਾਮਿਆਂ ਵਿਚ ਲੈ ਜਾਂਦੀਆਂ ਹਨ। ਅਸੀਂ ਆਪਣੀ ਅਗਲੀ ਹਾਲਤ ਜੋ ਮਰਕੇ ਹੋਣੀ ਹੈ ਤੇ ਫੇਰ ਜਨਮ ਮਿਲਨਾ ਹੈ ਉਹ ਹੁਣ ਆਪ ਬਣਾ ਰਹੇ ਹਾਂ। ਸੋ ਗੁਰੂ ਕਾ ਉਪਦੇਸ਼ ਸੁਣਕੇ ਹੁਣ ਵੇਲਾ ਹੈ ਹਰੀ ਨਾਮ ਨਾਲ ਉਤਮ ਵਾਸ਼ਨਾ ਵਾਲੇ ਹੋਣ ਦਾ ਤੇ ਫੇਰ ਨਿਰਵਾਸ ਹੋ ਜਾਣ ਦਾ।

ਹੁਣ ਸੰਤ ਜੀ ਚੁਪ ਹੋ ਗਏ। ਇਕ ਖੰਘੂਰਾ ਲੈ ਕੇ ਤੇ ਸਤਿਨਾਮ ਸ੍ਰੀ ਵਾਹਿਗੁਰੂ ਜੀ ਆਖਕੇ ਫੇਰ ਬੋਲੇ:- ਗੁਰੂ ਪ੍ਰੇਮਿਓ! ਉਪਰਲੀ ਵਾਰਤਾਲਾਪ, ਜੋ ਦਾਸ ਨੇ ਵਿਸਥਾਰ ਨਾਲ ਸੁਣਾਈ ਹੈ, ਸ੍ਰੀ ਗੁਰੂ ਜੀ ਨੇ ਐਉਂ ਆਪ ਉਸੇ ਸ਼ਬਦ ਵਿਚ ਲਿਖੀ ਹੈ, ਜਿਸ ਪਉੜੀ ਦਾ ਪਾਠ ਮੈਂ ਫੇਰ ਦੂਹਰੀ ਵੇਰ ਆਪ ਨੂੰ ਸੁਣਾਉਂਦਾ ਹਾਂ:-

**ਸੂਕਰ ਸੁਆਨ ਗਰਧਭ ਮੰਜਾਰਾ॥ ਪਸੂ ਮਲੇਛ ਨੀਚ ਚੰਡਾਲਾ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ॥ ਬੰਧਨਿ ਬਾਧਿਆ ਆਈਐ ਜਾਈਐ॥੫॥** (ਬਿਲਾ: ਮ: ੧-ਅਸ਼ੂ-੨)

**(ਚਲਦਾ)**

❖ ❖ ❖ ❖

# TEACHINGS OF GURU TEGH BAHADUR

❖ Prof. Puran Singh

From the large volume of Sri Guru Granth Sahib, the writings of Guru Tegh Bahadur can be at once recognized, for in them breathes a deep and sweet melancholy of a solemn and serene mind that is tired of the fictions of this seeming world. Guru Tegh Bahadur sees nothing tangible in this world, with which he may make relations of love. He can depend on nothing. He can lean on nothing. Father, mother, friend, brother, wife, offspring, everything in the world is for him too slippery a ground to rest upon. Every object of this world, as he approaches it, whispers in his ear "I am not," but as the object slips off from his mind, there persists a reality that says "I am" in every "I am not," "not" goes away, but "I am" remains. The world is "Not," the objects constituting it remain not, but the soul of things is real and that alone persists. In his verses pulsates the Spirit of God-realisation alternating with a spirit of deep renunciation of the Not-God, the world, as if the renunciation of the Not-God and Realisation of God were one and the same thing. Before the joy of his realisation, all the pleasures of senses pale as trembling sorrows, and as the causes of all disappointments and failures.

He looks upon the world with that far-seeing vacant eye with which a mariner, having lost his boat, looks upon the broad sea seated on a rock in the middle dashed by the waves of the angry sea. The world to him is lost in the constant vision of the higher Reality of its soul. There is an intense spirit beating within his heart, which weeps and cries at the sight of a man who is lost in the tempest of passions and remembers not the glorious life of his beyond this little life and the glorious inheritance of his in ideals of God, Love, and Truth.

He is a high abstraction in the love of God, and whenever a single thought of the world lowers his consciousness from those ethereal heights, he at once sings of God-consciousness and soars again. "Remember thy God, remember thy Lord, this is thy one duty, thy only duty," says he. Again, and again, in his hymns, he reins in his mind and makes it soar high up to the very throne of God. As we read his verses, we realize the non-reality of the world of senses as the lines open, and without knowing it, we are wafted to the higher regions of Guru Tegh Bahadur's Realisation as we finish them.

The solemn mood of a man which looks upon the world as a dream, when some dear one of his dies, or when he is deserted by all his friends and is alone, or when he is in danger and sees no way of escape, that solemn mood is the habitual mood of Guru Tegh Bahadur. His eyes are always moist with unshed tears. He loved all things too well, to weep on any one single object's death. Therefore, he is sunk in deep melancholy, as every moment to him is the death of thousands of his beloved idols. This, his inner renunciation of the world and its objects, might drive any to raving insanity, to suicide and to death, and the grief at the sight of our dear ones dying every moment would be killing and the life would be a journey from sorrow to greater sorrow, from misery to greater misery; but to Guru Tegh Bahadur this solemn mood is the greatest means of God-realisation. Every death to him is the distinct strike of the bell of time, to remind him that it is the time of prayer and of God-contemplation. Every moment is an auspicious moment to him. Every death is a reminder to him of the One Reality that persists. All objects are messages from God that are only then intelligible, when their envelopes are torn and the contents of their seeming life and death are read in the light of the love secrets of God. Every failure with its consequent suffering was to him the whip divine which awakened him to Love's embraces. His eyes were wholly dedicated to the reading of love-messages. His ears heard nothing but God's mysterious sounds. We remember God in our trials and troubles only and that too, but for a moment.

He kept the attitude of prayer throughout and kept his mind fixed unwavingly on God alone, whether he was the object of worship by thousands, or an object of ridicule and torture by the Emperor. Equally in weal and in woe, he is balanced in the same Reality. We never find him smiling. He is a sigh, a tear, a moan. He weeps not as Buddha wept for seeing misery in the world, but he weeps for the joy, that is in himself. He thinks life "a vale of tears" not for any amount of physical suffering that it may have to bear, but for not possessing a divine knowledge of tracing itself to its origin, and for its not living in this world from the view-point of God. He is pessimistic, in order that he may enjoy the highest optimism without interruption. He thinks it nothing short of insanity to base our optimism or happiness of life on objects that are transient and perishing. He is sorry because those who think themselves happy by enjoying this transient world, will be shortly sorrow-stricken for not knowing the Reality. Guru Tegh Bahadur is in an incessant ecstasy that is weeping in compassion for those who know him not. He is a man of iron will. Nothing can daunt him. For all the wealth of the world, he would not swerve from the path that he thought to be right. His determination to die for rescuing the oppressed Hindus from the claws of tyrannical Moslem rulers was not in the least shaken, even when he was threatened with beheadal.

Some of his exquisite poems, he wrote with charcoal on the walls of the jail where he was incarcerated. His verses are universally liked and are sung in the sweetest tones by crowds of women in the Punjab villages and towns. In Rawalpindi, Peshawar, Pothohar, Hazara, Amritsar, Majha and Malwa when hundreds of female throats raise the notes that had their birth in the Delhi jail, it is one of the most elevating and charming scenes of religious devotion and then one cannot help sharing the Blissful Mood of Guru Tegh Bahadur. No words of mine can describe the charms of this great Guru's poetry. Its sweet sorrow, its deep purpose, its sublime music, elevates man and tones up and repairs his inner heart wherever it may be weak. His poetry casts a spell on the Hindu mind, which soothes him in the most troubled moments of his life, transports him to the Truth and fills him with the love of God even in prosperity. It forms the most valuable asset of the Vedanta philosophy which is so beautifully, realistically and popularly put forth by the outpouring of Guru Tegh Bahadur's realisation. His teachings purport to be a musical assertion of the law of life that World of senses is death, and God is Life. There is nothing Real but God. To live in Him, to Love Him, is the highest aim of Life; the Guru prescribes no other duty.

Why? Because, it is a matter of spiritual experiences that those who wholly trust themselves to the love of God, are served by all powers of Nature. The whole of Nature is anxious to make them comfortable, who live according to the Law that God is the only reality. Duties take care of themselves. The only true fountain, the only true source of success, power and joy and life is God. Guru Tegh Bahadur strikes the fundamental note and wanders not in lengthy speeches to impress it on others. The proof of fact is that it is always so. Let those who sympathise and agree with Guru Tegh Bahadur, that the seeming world is death and it kills man, and also the sorrow laden sinners come and be refreshed, through his gospel of Truth and real optimism, in the fountain of true and perennial joy. I think his message is unintelligible to those who still think that there is some pleasure in the world that they have not enjoyed and is worth enjoying. For them, Guru Tegh Bahadur's emphatic assertion that the world breeds sorrow and disappointment, has not yet come home and through larger experience, they have yet to agree with him there. I think Guru Tegh Bahadur gives utterance to real, plain-spoken straightforward and blunt truth. Much of the misery for which Buddha wept and which still exists, will disappear, if people get Guru Tegh Bahadur's view-point to look at the world. When once this inner fact is realised, all goodness, and virtues and their joy man shall have all to himself.

Guru Tegh Bahadur is called by his followers the Ninth King spiritual, in the line of Guru Nanak. The spirit expressing itself through his life is the same, but the manner of its manifestation in language is all his own and we find not such intensity in the writings of any other Guru.

Courtesy : *Anecdotes from Sikh History*

# ਮੇਰੀ ਖਿੜੀ ਰਹੇ ਗੁਲਜ਼ਾਰ

❖ ਪ੍ਰੋ. ਪੂਰਨ ਸਿੰਘ

## ਪੰਜਾਬ ਨੂੰ ਕੂਕਾਂ ਮੈਂ

ਆ ਪੰਜਾਬ-ਪਿਆਰ ਤੂੰ ਮੁੜ ਆ!
ਆ ਸਿੱਖ-ਪੰਜਾਬ ਤੂੰ ਘਰ ਆ!
ਤੇਰੇ ਤੂਤ ਦਿਸਣ ਮੁੜ ਸਾਵੇ,
ਮੁੜ ਆਵਣ ਬੂਟਿਆਂ ਨਾਲ ਤੇਰੀ ਦੋਸਤੀਆਂ।
ਤੇਰੇ ਪਿਪਲਾਂ ਹੇਠ ਹੋਣ ਮੁੜ ਮੇਲੇ,
ਤੇਰੇ ਅੰਬਾਂ 'ਤੇ ਪੀਂਘਾਂ ਉੱਲਰਦੀਆਂ।
ਕੁੜੀਆਂ, ਨੱਢੇ ਮੁੜ ਖੇਡਣ ਅਝੱਕ ਹੋ ਕੇ,
ਰਲ ਮਿਲ ਉਨ੍ਹਾਂ ਚੰਨੇ ਦੀਆਂ ਚਾਨਣੀਆਂ,
ਕਿਰਕਿਲੀਆਂ ਪਾਣ ਰਲ ਮਿਲ ਕੇ, ਖੇਡਣ ਛੁਪਣ-ਲੁਕੀਆਂ।
ਉਹੋ ਰਾਤਾਂ ਮੁੜ ਆਵਣ, ਨਿਰਵੈਰ, ਨਿਰਦ੍ਵੈਖ, ਪਵਿੱਤਰ,
ਅਬੋਝ, ਬਾਇਲਮ,
ਨਿਸ਼ਪਾਪ, ਸੁਹਣੀਆਂ, ਸਵਾਦਲੀਆਂ;
ਉਹੋ ਗਿੱਧੇ ਉਹ ਧੂੜਾਂ ਦਾ ਉਠਾਉਣਾ ਰਲ ਮਿਲ,
ਉਪਰ ਚੰਨ, ਹੇਠ ਚੰਨੀਆਂ, ਬੰਨੇ ਤੇ ਬੰਨੀਆਂ,
ਨੱਚ ਨੱਚ, ਧਮ ਧਮ, ਥੰਮ ਥੰਮ, ਆਖ਼ਰ ਆਵਨ ਮੁੜ ਉਹੋ।
ਖਿੱਚਾਂ ਖਿਲੀਆਂ ਪੁਰਾਣੀਆਂ।
ਤ੍ਰਿੰਞਣਾਂ ਵਿਚ ਮੁੜ ਗਾਣ ਕੁੜੀਆਂ,
ਆਪੇ ਜਿਹੀਆਂ ਸਭ ਇਕ ਥਾਂ ਇਕੱਠੀਆਂ,
ਇਕ ਚਾਹ ਵਾਲੀਆਂ, ਦਿਲਾਂ ਦੇ ਭੇਤ ਸਾਂਝੇ ਵਾਲੀਆਂ,
ਤੇ ਮੁੜ ਬਾਗ਼ ਗੂੰਜਣ ਇਨ੍ਹਾਂ ਕੋਇਲਾਂ ਦੀਆਂ ਤੀਖਣ ਬੋਲੀਆਂ,
ਤੇ ਤੋਤਿਆਂ ਪਿਛੇ ਨੱਸਣ, ਤਾੜੀ ਮਾਰਦੀਆਂ ਉਨ੍ਹਾਂ ਨੂੰ
ਟਹਿਣੀ ਟਹਿਣੀ ਉਡਾਂਵਦੀਆਂ।
ਸੁਹਣੀਆਂ ਛਾਤੀਆਂ ਮੁੜ ਉਭਰਨ, ਧੜਕਣ, ਕੰਬਣ,
ਉਨ੍ਹਾਂ ਗੁਝੇ ਗੁਝੇ ਪਿਆਰਾਂ ਅਨਦਸਿਆਂ।

ਕੰਧਾਂ ਸਾਰੀਆਂ ਢਾਹਵੋ ਹੁਣ, ਬੂਹੇ ਸਾਰੇ ਖੋਹਲ ਦੇਵੋ,
ਮਿਲੋ ਬਸੰਤ ਨੂੰ ਪਾ ਪਾ ਜੱਫੀਆਂ।

ਬੋਲਣਾ ਤਾਂ ਘਟ ਹੋਵੇ, ਨੱਚਣਾ ਹਦੋਂ ਵਧ ਹੋਵੇ
ਭਾਅ ਹੋਣ, ਚਾਅ ਹੋਣ, ਮੁੜ ਉਹੋ ਪੁਰਾਣੇ,
ਖੁਲ੍ਹ ਹੋਵੇ, ਡੁਲ੍ਹ ਹੋਵੇ,
ਇਕ ਦੂਜੇ ਪਿਛੇ ਮਰਨਾ,
ਘਰ, ਘਰ ਇਕੱਠ ਹੋਵੇ,
ਉਹੋ ਪੁਰਾਣੀਆਂ ਮਿੱਲਤਾਂ,
ਗਹਿਮ ਗਹਿਮ ਹੋਵੇ, ਚਹਿਲ ਬਹਿਲ, ਗੁਰੂ ਦੀਆਂ ਬਰਕਤਾਂ।
ਸੁਹਾਗ, ਭਾਗ, ਜਰਨਾ, ਨਿਵ ਚਲਣਾ, ਉਹੋ ਪੁਰਾਣੀ ਧਾਰਣਾ।
ਦੁੱਧ ਦਹੀਂ ਅਮਿੱਤ ਹੋਣ,
ਸਭ ਕੱਜ ਕੱਜ, ਢਕ ਢਕ, ਰਖਣਾ।
ਮਰਨ ਜੀਣ ਸਭ ਸਾਂਝੇ ਹੋਣ,
ਦਰਦ ਜੀਅ ਦਾ ਹੋਵੇ ਦਿਲ ਵਿਚ,
ਦਰਦ, ਦੁੱਖ ਸਭ ਕਿਸੇ ਦੇ, ਹੋਣ ਆਪਣੇ;
ਜ਼ਾਤ ਪਾਤ ਛਡਣਾ।
ਦਿਲ ਦਰਿਆ ਹੋਣ ਰੱਬ ਦੀ ਜੋਤ ਵਾਲੇ,
ਰੱਬ ਵਾਲੀ ਦਇਆ ਹੋਵੇ, ਰੱਬ ਵਰਗਾ ਬਖ਼ਸ਼ਣਾ
ਭੁੱਲ ਚੁਕ ਬੁਰਦ ਦਰਿਆ ਸਭ ਦੀ,
ਰੱਬ ਪਾਸੋਂ ਡਰਨਾ,
ਸਭ ਦੇ ਕਰਮ ਖੋਟੇ ਖਰੇ, ਜਾਣ ਆਪਣੇ।
ਭੁੱਲਣਾ, ਬਖ਼ਸ਼ਣਾ, ਯਾਦ ਕਰਨਾ ਰੱਬ ਦੀਆਂ ਮਿਹਰਾਂ।
ਕੋਈ ਨਾ ਹਿਸਾਬ ਹੋਵੇ,
ਪਿਆਰ ਹੀ ਪਿਆਰ ਹੋਵੇ,
ਪਿਆਰ ਹੀ ਪਿਆਰ ਚੱਖਣਾ,
ਰੂਪ ਹੀ ਰੂਪ ਤੱਕਣਾ,
ਸੁਗੰਧੀ ਜਿਹੀ ਲਖਣਾ ਹਰ ਥਾਂ ਉਚੀ,
ਉਚਾ ਸਦਾ ਹੋਵੇ; ਪਿਆਰ-ਗਗਨਾਂ ਉੱਡਣਾ।

ਧੀ ਭੈਣ ਦਾ ਆਦਰ ਹੋਵੇ,
ਨਾਲ ਮੁਹੱਬਤਾਂ ਪਾਲਣਾ।
ਬੱਚੇ ਬੱਚੀ ਦੀ ਗ਼ੌਰ ਹੋਵੇ,
ਗੁਰਾਂ ਵਾਲੇ ਸਾਂਚੇ ਢਾਲਣਾ।
ਦਿਨ ਰਾਤ, ਰਾਤ ਰਾਤ, ਜਾਗ ਜਾਗ,
'ਅਗੇ' ਉਪਰ ਆਪਾ ਗਾਲਣਾ।
ਨੈਣਾਂ ਵਿਚ ਜਲ ਹੋਵੇ, ਸਦਾ ਸੇਜਲ ਜਿਹੀ,
ਹੱਸ ਮਿਲਣਾ, ਮਿਲਾਉਣਾ।
ਦਿਲ ਵਿਚ ਦਰਦ ਹੋਵੇ,
ਇਕ ਪੀੜ ਜਿਹੀ ਵਿਚ ਜੀਵਣਾ।

ਲਹਿਰਾਂ ਵਾਂਗ ਗੁੱਛੇ ਹੋਈਏ,
ਤੇ ਲਹਿਰਾਂ ਵਾਂਗ ਆਵੀਏ;
ਮਿਲੀਏ, ਲੜੀਏ, ਪਛਾੜੀਏ,
ਉਠੀਏ, ਜਿੱਤੀਏ, ਹਾਰੀਏ, ਘੁਲੀਏ, ਲਤਾੜੀਏ,
ਪਰ ਘੜੀ ਘੜੀ, ਸਦਾ ਸਦਾ, ਪਾਣੀ ਪਾਣੀ ਹੋਵੀਏ,
ਮੁੜ ਆਪੇ ਵਿਚ ਪਿਆਰ ਪਿਆਰ, ਠੰਢ ਠੰਢ ਢੋਵੀਏ,
ਇਕ ਦੂਜੇ ਦੇ ਬਾਲ ਵਿਚ।

ਆ! ਪੰਜਾਬ, ਤੂੰ ਮੁੜ ਆ! ਖਿੜੇ ਖਿੜੇ ਮੱਥੇ ਲਾ,
ਕਰੋੜਾਂ ਪੰਜਾਬ ਆ! ਇਕ ਆ, ਹਜ਼ਾਰ ਆ।
ਦਿਲ ਦੇ ਵਿਚਕਾਰ ਆ! ਰੂਹ ਦੀ ਖੁਲ੍ਹੀ ਟੰਕਾਰ ਆ।
ਭੌਰਿਆਂ ਦੀ ਗੁੰਜਾਰ ਆ! ਫੁੱਲਾਂ ਦੀ ਗੁਲਜ਼ਾਰ ਆ।
ਧੁਰ ਦੀ ਫੁੰਕਾਰ ਆ! ਆ ਪਿਆਰ ਪੰਜਾਬ ਸਦਕੇ,
ਤੂੰ ਮੁੜ, ਫਿਰ ਆ।

❖ ❖ ❖ ❖

ਖਾਲਸਾ ਸਮਾਚਾਰ
੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

31 ਮਾਰਚ, 1921

# ਪ੍ਰਧਾਨ ਜੀ ਦਾ ਐਡ੍ਰੈਸ

ਵੀਰੋ ਤੇ ਭੈਣੋਂ! ਦੇਸ਼ ਦੀ ਹਾਲਤ ਪੁਰ ਮੋਟੀ ਨਜ਼ਰ ਮਾਰਨ ਵਾਲੇ ਨੂੰ ਭੀ ਸਾਫ਼ ਦਿੱਸ ਪੈਂਦਾ ਹੈ ਕਿ ਭਾਰਤ ਵਰਸ਼ ਦੀਆਂ ਬੁੱਢੀਆਂ ਹੱਡੀਆਂ ਫਿਰ ਜੁੰਬਸ਼ ਵਿਚ ਆ ਰਹੀਆਂ ਹਨ। ਇੱਕ ਨਵੀਂ ਰੌ ਜ਼ਬਰਦਸਤ ਦੇਸ਼ ਵਿਚ ਚੱਲ ਪਈ ਹੈ ਜੋ ਮੁਰਦਿਆਂ ਵਿੱਚ ਜਾਣ ਪਾ ਉਨ੍ਹਾਂ ਦੀਆਂ ਅੱਖਾਂ ਉਨ੍ਹਾਂ ਦੇ ਅੱਤ ਨਕਾਰੇ ਜੀਵਨ ਵੱਲ ਖੋਲ੍ਹ ਰਹੀ ਹੈ। ਅਜਿਹੀ ਹਾਲਤ ਵਿਚ ਜਦੋਂ ਪੁਰਾਣੇ ਬੁੱਤ ਟੁੱਟ ਰਹੇ ਹੋਣ ਤੇ ਨਵੇਂ ਅਜੇ ਤਿਆਰ ਨਾ ਹੋਏ ਹੋਣ ਕਿਸੇ ਗੱਲ ਪੁਰ ਰਾਇ ਕਾਇਮ ਕਰਨੀ ਬਾਹਲਾ ਔਖਾ ਕੰਮ ਹੈ। ਪਰ ਠੀਕ ਐਹੋ ਵਕਤ ਹੈ ਜਿਸ ਵੇਲੇ ਦੇਸ ਨੂੰ ਬਹੁਤ ਸੋਚ ਕੇ ਤੁਰਨ ਦੀ ਲੋੜ ਹੈ। ਜੋਸ਼ ਅਮਿੱਤ ਹੈ, ਜੇ ਇੱਕ ਵਿਖ ਵੀ ਗਲਤ ਪਾਸੇ ਟਿਕ ਗਿਆ ਤਾਂ ਜੋਸ਼ ਚੱਕ ਕੇ ਕਈ ਕਦਮ ਅਗਾਹਾਂ ਜਾ ਟਿਕਾਏਗਾ, ਤੇ ਪੇਸ਼ਤਰ ਇਹਦੇ ਕਿ ਅਸੀਂ ਆਪਣੀ ਭੁੱਲ ਵੇਖੀਏ ਅਸੀਂ ਆਪਣੇ ..... ਤੋਂ ਬਹੁਤ ਦੂਰ ਪਏ ਹੋਵਾਂਗੇ।

ਅੱਜ ਮੇਰਾ ਕੰਮ ਕੇਵਲ ਉਸ ਰੁਮਨ ਪੁਰ ਨਜ਼ਰ ਮਾਰਨ ਦਾ ਹੈ ਜੋ ਵਿੱਦਯਾ ਦੇ ਮੈਦਾਨ ਵਿਚ ਦਿੱਸ ਰਹੀ ਹੈ। ਸਾਰੇ ਦੇਸ ਦੀ ਚਾਹ ਦੋਹਾਂ ਲਫ਼ਜ਼ਾਂ ਵਿਚ ਪ੍ਰਗਟ ਹੋ ਰਹੀ ਹੈ, "ਕੌਮੀ ਤਾਲੀਮ" "ਕੌਮੀ ਤਾਲੀਮ"। ਇਹ ਨਾਹਰਾ ਹਰ ਥਾਂ ਤੋਂ ਵੱਜ ਰਿਹਾ ਹੈ।

ਆਮ ਲੋਕ ਇਸ ਨਾਹਰੇ ਨੂੰ ਨਿਰੋਲ ਨਵਾਂ ਸਮਝਦੇ ਹਨ, ਤੇ ਉਹ ਬਹੁਤਾ ਭੁੱਲ ਬੀ ਨਹੀਂ ਰਹੇ। ਜਿਸ ਜ਼ੋਰ ਸ਼ੋਰ ਨਾਲ ਇਹ ਗੂੰਜ ਹੁਣ ਉੱਠੀ ਹੈ ਅੱਗੇ ਕਦੀ ਬੀ ਨਹੀਂ ਉੱਠੀ। ਪਰ ਵਾਸਤਵ ਵਿੱਚ ਇਹ ਠੀਕ ਨਹੀਂ। ਆਰੀਆ ਕਾਲਜ ਲਾਹੌਰ ਇਸੇ ਖਾਹਸ਼ ਦਾ ਫਲ ਸੀ ਕਿ ਤਾਲੀਮ ਸਾਡੇ ਆਪਣੇ ਹੱਥਾਂ ਵਿੱਚ ਹੋਵੇ, ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਜੀ ਭੀ ਇਸੇ ਖਾਹਸ਼ ਨੂੰ ਮੁੱਖ ਰੱਖਕੇ ਖੋਲਿਆ ਸੀ, ਖਾਲਸੇ ਦੀ ਕਿਸਮਤ ਦੇ ਉਲਟੇ ਗੇੜ ਨੇ ਪੈਦਾ ਹੁੰਦੇ ਹੀ ਉਸ ਪੌਦੇ ਦੇ ਮਾਲੀ ਹੋਰ ਥਾਪ ਦਿੱਤੇ। ਹੁਣ ਮਸਾਂ ਮਸਾਂ ਝਲਕ ਪਈ ਹੈ ਕਿ .... ਆਸਮਾਨ ਮਿਹਰਬਾਨ ਹੋ ਗਿਆ ਹੈ ਤੇ ਬੂਟਾ ਫੇਰ ਆਪਣੇ ਪਿਆਰੇ ਮਾਲੀਆਂ ਦੇ ਹੱਥ ਆਵੇਗਾ। ਜਿੰਨੇ ਖ਼ਾਲਸਾ ਸਕੂਲ-ਜਿੰਨਾਂ ਦੀ ਗਿਣਤੀ ਹਾਈ, ਮਿਡਲ ਤੇ ਪ੍ਰੈਮਰੀ ਪਾ ਕੇ ਸੈਂਕੜੇ ਹੈ-ਅੱਜ ਤੱਕ ਖੁਲ੍ਹੇ ਹਨ, ਉਹ ਇਸੇ ਧੁਨ ਦਾ ਸਿੱਟਾ ਹਨ। ਪਹਿਲੇ ਸਾਨੂੰ ਸਰਕਾਰੀ ਤਾਲੀਮ ਪੁਰ ਇੱਕੋ ਇਤਰਾਜ਼ ਸੀ ਕਿ ਇਹਦੇ ਵਿੱਚ ਧਾਰਮਕ ਵਿੱਦਯਾ ਨਹੀਂ ਦਿੱਤੀ ਜਾਂਦੀ ਤੇ ਕੇਵਲ ਉਸ ਘਾਟੇ ਨੂੰ ਪੂਰਾ ਕਰਨਾ ਹੀ ਸਾਡਾ ਮੁਖ ਮੰਤਵ ਸੀ। ਸਿੱਖਾਂ ਇੱਕ ਹੋਰ ਘਾਟੇ ਵੱਲ ਭੀ ਨਜ਼ਰ ਮਾਰੀ, ਉਨ੍ਹਾਂ ਵੇਖਿਆ ਕਿ ਤਾਲੀਮ ਕਦੀ ਭੀ ਅਸਲੀ ਅਰਥਾਂ ਵਿਚ ਤਾਲੀਮ ਨਹੀਂ ਹੋ ਸਕਦੀ ਜਦ ਤੱਕ ਆਪਣੀ ਬੋਲੀ ਦੀ ਰਾਹੀਂ ਨਾ ਦਿੱਤੀ ਜਾਵੇ। ਪੰਜਾਬੀ ਬੋਲੀ ਦੀ ਉੱਨਤੀ ਕਰਕੇ ਉਹਨੂੰ ਪੰਜਾਬੀਆਂ ਲਈ ਵਿੱਦਯਾ ਦੀ ਬਾਣੀ ਬਣਾਨਾ ਇਹ ਸਿੱਖ ਪਾਠਸ਼ਾਲਾਂ ਦਾ ਖਾਸ ਮੰਤਵ ਸੀ। ਭਾਵ ਇਹ ਸੀ ਕਿ ਪੜ੍ਹੇ-ਲਿਖੇ ਜੇ ਆਪਣੀ ਬੋਲੀ ਵਿੱਚ ਵਿੱਦਯਾ ਹਾਸਲ ਕਰਨਗੇ ਤਾਂ ਉਹ ਸੁਖੈਨ ਹੀ ਆਪਣੇ ਉਨ੍ਹਾਂ ਅਭਾਗ ਭਰਾਵਾਂ ਨੂੰ, ਜੋ ਕਿਸਮਤ ਦੀ ਖੇਡ ਮਦਰੱਸਿਆਂ ਵਿੱਚ ਨਹੀਂ ਆ ਸਕਦੇ, ਆਪਣੀ ਵਿੱਦਯਾ ਦੇ ਵਿਚਾਰ ਦਾ ਫਲ ਪੁਜਾ ਸਕਣਗੇ ਤੇ ਉਹ ਪਾੜਾ ਜੋ ਪੜ੍ਹੇ ਲਿਖੇ ਤੇ ਅਨਪੜ੍ਹਾਂ ਵਿਚ ਪੈ ਰਿਹਾ ਹੈ ਘਟ ਜਾਏਗ ਤੇ ਪੰਥ ਉੱਨਤੀ ਵਿਚ ਪੜ੍ਹੇ ਲਿਖੇ ਤੇ ਅਨਪੜ੍ਹ ਮਿਲਕੇ ਜਤਨ ਕਰਨਗੇ।

ਇਨ੍ਹਾਂ ਦੋਹਾਂ ਗੱਲਾਂ ਵਿੱਚ ਅਸੀਂ ਅਜੇ ਪੂਰੇ ਕਾਮਯਾਬ ਨਹੀਂ ਹੋਏ। ਤਜ਼ਰਬੇ ਦੱਸ ਦਿੱਤਾ ਹੈ ਕਿ ਧਾਰਮਕ ਪੜ੍ਹਾਈ ਲਈ ਇੱਕ ਗਿਆਨੀ ਜੀ ਅਰਥ ਸਮਝਾਣ ਨੂੰ ਰੱਖ ਦੇਣਾ ਵਿੱਦਯਾਰਥੀਆਂ ਨੂੰ ਧਾਰਮਕ ਨਹੀਂ ਬਣਾ ਸਕਦਾ ਹੈ। ਪੰਜਾਬੀ ਚਾਹੀਦੀ ਹੈ। ਕਾਰਨ ਇਹ ਹੈ ਕਿ ਸਾਡੇ ਹਿੰਦੂ ਤੇ ਮੁਸਲਮਾਨ ਪੰਜਾਬੀਆਂ ਨੇ ਆਪਣੀ ਮਾਤ੍ਰੀ ਭਾਸ਼ਾ ਨਾਲ ਆਮ ਤੌਰ ਤੇ ਵੈਰ ਅਰੰਭ ਦਿੱਤਾ ਹੈ, ਉਹ ਸਾਰਾ ਤਾਣ ਉਰਦੂ ਤੇ ਹਿੰਦੀ ਪੁਰ ਖਰਚਣਾ ਚਾਹੁੰਦੇ ਹਨ। ਭਾਵੇਂ ਉਹ ਘਰ ਵਿਚ, ਦੋਸਤਾਂ ਵਿਚ, ਪਿਆਰ ਸਮੇਂ, ਹਰ ਥਾਂ, ਜਿੱਥੇ ਦਿਲ ਦੇ ਅਸਲੀ ਭਾਵ ਪ੍ਰਗਟ ਕਰਨ ਦੀ ਲੋੜ ਹੋਵੇ, ਪੰਜਾਬੀ ਬੋਲੀ ਹੀ ਵਰਤਦੇ ਹਨ, ਪਰ ਤਾਂ ਭੀ ਖੁੱਲਮਖੁੱਲਾ ਉਨ੍ਹਾਂ ਇਹਦੀ ਮੁਖ਼ਾਲਫਤ ਤੇ ਲੱਕ ਬੰਨ੍ਹ ਲਿਆ ਹੈ। ਉਨ੍ਹਾਂ ਨੂੰ ਕੁਝ ਭੁਲੇਖਾ ਪੈ ਗਿਆ ਹੈ, ਉਨ੍ਹਾਂ ਦਾ ਖਿਆਲ ਹੈ ਕਿ ਸਿੱਖ ਪੰਜਾਬੀ ਨੂੰ ਤਾਂ ਪਿਆਰ ਕਰਦੇ ਹਨ ਕਿ ਇਹ ਉਨ੍ਹਾਂ ਦੇ ਧਰਮ ਪੁਸਤਕ ਦੀ ਬੋਲੀ ਹੈ, ਇਹ ਨਿਰੋਲ ਭੁੱਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਬਹੁਤ ਥੋੜੇ ਹਿੱਸੇ ਦੀ ਬੋਲੀ ਪੰਜਾਬੀ ਹੈ, ਆਮ ਹਿੰਦੀ ਤੇ ਵਿਚ ਵਿਚ ਉਰਦੂ ਭੀ ਹੈ। ਦੂਜਾ ਭੁਲੇਖਾ ਇਹ ਹੈ ਕਿ ਪੰਜਾਬੀ ਉਰਦੂ ਤੇ ਹਿੰਦੀ ਦੀ ਥਾਂ ਲੈਣਾ ਚਾਹੁੰਦੀ ਹੈ, ਇਹ ਉੱਕਾ ਠੀਕ ਨਹੀਂ, ਉਰਦੂ ਤੇ ਹਿੰਦੀ ਸਾਰੇ ਦੇਸ਼ ਦੀ ਬੋਲੀ ਹੋਣ ਦੇ ਦਾਵੇਦਾਰ ਹਨ, ਪਰ ਪੰਜਾਬੀ ਕੇਵਲ ਪੰਜਾਬ ਦੀ ਹੀ ਬੋਲੀ ਹੋਣਾ ਚਾਹੁੰਦੀ ਹੈ। ਬੰਗਾਲੀ, ਮਰਹਟੇ, ਮਦਰਾਸੀ, ਗੁਜਰਾਤੀ ਕੋਈ ਆਪਣੀ ਬੋਲੀ ਨਹੀਂ ਛੱਡ ਰਹੇ, ਉਹ ਉਰਦੂ ਜਾਂ ਹਿੰਦੀ ਨੂੰ ਆਪਣੀ ਬੋਲੀ ਤੋਂ ਵਾਧੂ ਸਿੱਖਣਗੇ, ਪਰ ਸ਼ੱਕ ਪੰਜਾਬੀਆਂ ਪੁਰ ਜੋ ਆਪਣੀ ਬੋਲੀ ਨੂੰ ਮੂਲੋਂ ਛੱਡ ਕੇ ਹੋਰ ਬੋਲੀ ਦੇ ਆਸਰੇ ਬਹਣਾ ਚਾਹੁੰਦੇ ਹਨ। ਹੋਣਾ ਇਹ ਕਦੀ ਨਹੀਂ। ਹੁਣ ਸਭ ਨੂੰ ਪਤਾ ਲੱਗ ਰਿਹਾ ਹੈ ਕਿ ਪੁਲਿਟੀਕਲ ਗੱਲਾਂ ਦਾ ਭੀ ਅਸਰ ਤਦੋਂ ਹੀ ਹੁੰਦਾ ਹੈ ਜਦੋਂ ਪੰਜਾਬੀ ਵਿਚ ਕਰੀਏ; ਪੰਜਾਬ ਦੇ ਵੱਡੇ-ਵੱਡੇ ਹਿੰਦੂ ਤੇ ਮੁਸਲਮਾਨ ਲੀਡਰ ਪੰਜਾਬੀ ਵਿਚ ਵਖਯਾਨ ਦੇ ਕੇ ਪ੍ਰਸੰਨ ਹੋ ਰਹੇ ਹਨ, ਤੇ ਕੌਮੀ ਗੀਤ ਪੰਜਾਬੀ ਵਿਚ ਹਰ ਇਕ ਗਾ ਰਿਹਾ ਹੈ, ਪਰ ਜਿੰਨਾਂ ਚਿਰ ਇਸ ਸਚਾਈ ਨੂੰ ਸਾਰੇ ਪੰਜਾਬੀ ਇੱਕ ਦਿਲ ਹੋ ਕੇ ਨਹੀਂ ਪਛਾਣਦੇ, ਸੂਬੇ ਦੀ ਉੱਨਤੀ ਵਰਿਹਾਂ ਬੱਧੀ ਪਿੱਛੇ ਪੈ ਰਹੀ ਹੈ।

ਮੁਕਦੀ ਗੱਲ, ਹੁਣ ਦੀ ਸਰਕਾਰ ਵੱਲੋਂ ਤਾਲੀਮ ਵਿਚ ਇਹ ਦੋ ਨੁਕਸ ਤਾਂ ਅੱਗੇ ਹੀ ਪਤਾ ਲਗ ਚੁੱਕੇ ਹਨ, ਧਾਰਮਕ ਤਾਲੀਮ ਦਾ ਨਾ ਹੋਣਾ ਤੇ ਪੰਜਾਬੀ ਦਾ ਵਿੱਦਯਾ ਦੀ ਬਾਣੀ ਨਾ ਹੋਣਾ। ਪਰ ਹੁਣ ਨਵੀਂ ਆਵਾਜ਼ ਇਹ ਹੈ ਕਿ ਜਿੱਥੇ ਇਹ ਦੋ ਨੁਕਸ ਨਾ ਭੀ ਹੋਣ ਉਹ ਤਾਲੀਮ ਭੀ ਕੌਮੀ ਨਹੀਂ। ਕਿਉਂ ? ਕੀ ਕੋਈ ਅਸਾਂ ਹਿੰਦੁਸਤਾਨੀਆਂ ਦੁਨੀਆ ਨਾਲੋਂ ਵੱਖਰੇ ਪੜ੍ਹਾਈ ਦੇ ਮਜ਼ਮੂਨ ਕੱਢਣੇ ਹਨ, ਕੋਈ ਸਾਡਾ ਸੈਂਸ ਵੱਖਰਾ ਹੋਵੇਗਾ, ਕੋਈ ਸਾਡਾ ਹਸਾਬ ਵੱਖਰਾ ਹੋਵੇਗਾ, ਕੋਈ ਸਾਡਾ ਜੁਗਰਾਫੀਆ ਵੱਖਰਾ ਹੋਵੇਗਾ, ਕੀ ਜੋ ਨਵੇਂ ਨਵੇਂ ਤਰੀਕੇ ਵਿੱਦਯਾ ਦੇਣ ਦੇ ਸਦੀਆਂ ਦੀ ਖੋਜ ਨਾਲ ਨਿਕਲੇ ਹਨ ਉਹ ਛੱਡਕੇ ਮੁੜ ਅਸੀਂ ਪੁਰਾਣੀਆਂ ਲੀਹਾਂ ਵਿਚ ਜਾ ਪਵਾਂਗੇ ? ਇਸ ਨਾਹਰੇ ਦਾ ਜੇ ਇਹ ਭਾਵ ਹੋਵੇ ਕਿ ਸਦੀਆਂ ਪਿਛੇ ਜੋ ਸਾਡੇ ਬਜ਼ੁਰਗਾਂ ਦਾ ਇਲਮ ਸੀ ਅਸੀਂ ਓਹਨੂੰ ਹੀ ਪੂਜਾਂਗੇ ਤੇ ਹੋਰ ਦੁਨੀਆਂ ਵਿੱਚ ਜੋ ਕੁਛ ਹੋ ਰਿਹਾ ਹੈ ਉਸ ਤੋਂ ਅੱਖਾਂ ਬੰਦ ਰੱਖਾਂਗੇ ਤਾਂ ਸਾਡੀ ਉੱਨਤੀ ਤੇ ਸਾਡੇ ਦੇਸ਼ ਦਾ ਅੱਲ੍ਹਾ ਹੀ ਹਾਫਜ਼ ਹੈ।

❖ ❖ ❖ ❖

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੮, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੩੩}

(ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ)

**ਮੂਲ**

**ੴ ਸਤਿਗੁਰ ਪ੍ਰਸਾਦਿ॥ ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥ ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥ ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥ ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥ ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ॥ ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥੧॥**

**ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥ ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ॥ ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ॥ ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ॥ ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ॥ ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥੨॥**

**ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ॥ ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ॥ ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ॥ ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ॥ ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ॥੩॥**

**ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥ ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥ ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ॥ ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ॥ ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ॥ ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥੪॥੧॥**

**ਅਰਥ**

ਧੰਨ ਹੈ ਉਹ ਸੱਚਾ ਸਿਰਜਣਹਾਰ ਪਾਤਸ਼ਾਹ ਜਿਸ ਨੇ ਜਗਤ (ਰਚਕੇ) ਕੰਮਾਂ ਧੰਦਿਆਂ ਵਿਚ ਲਾ ਛਡਿਆ ਹੈ। (ਜਦ) ਜਗਤ ਵਿਚ ਰਹਿਣ ਦਾ ਸਮਾਂ ਪੂਰਾ ਹੋ ਗਿਆ ਤਦ ਭਰੀ ਗਈ ਪੜੋਪੀ (ਦੇ ਪਲਟ ਦੇਣ ਵਾਂਙੂ) ਪਿਆਰੇ (ਹੰਸ=ਰੂਹ) ਨੂੰ (ਜਮਾਂ ਨੇ) ਫੜਕੇ ਅੱਗੇ ਤੋਰ ਲਿਆ। (ਹਾਂ, ਜਦ ਧੁਰੋਂ) ਲਿਖਿਆ ਆ ਗਿਆ (ਤਦ ਜਮਾਂ ਨੇ) ਪਿਆਰਾ (ਹੰਸ) ਫੜਕੇ ਅੱਗੇ ਟੋਰ ਲਿਆ, (ਤਦ ਜਗਤ ਦੇ) ਸਾਰੇ ਵੀਰ ਭਾਈ ਰੋਣ ਲਗ ਪਏ। ਹੇ ਮੇਰੀ ਮਾਂ! ਜਦ ਦਿਨ ਪੁੱਗ ਗਏ ਸਰੀਰ ਤੇ ਹੰਸ (-ਦੇਹ ਤੇ ਜੀਵਾਤਮਾ) ਦਾ ਵਿਛੋੜਾ ਹੋ ਗਿਆ। ਪਹਿਲੇ (ਜਨਮ ਵਿਚ) ਜੇਹੋ ਜੇਹੀ ਕਮਾਈ ਕੀਤੀ ਸੀ (ਲਿਖੀ ਹੋਈ ਸੀ) ਜਿਹੋ ਜਿਹੀ ਲਿਖੀ ਗਈ ਉਹੋ ਜੇਹੀ (ਇਸ ਜਨਮ ਵਿਚ) ਪਈ ਸੀ। (ਸੋ ਜੇਹੋ ਜੇਹੀ ਕਮਾਈ ਹੁਣ ਕੀਤੀ ਤੇਹੋ ਜੇਹੀ ਅਗੇ ਮਿਲੂ, ਪਰ) ਧੰਨ ਹੈ ਸੱਚਾ ਸਿਰਜਣਹਾਰ ਪਾਤਸ਼ਾਹ, ਜਿਸ ਨੇ ਜਗਤ (ਰਚਕੇ) ਕੰਮਾਂ ਧੰਦਿਆਂ ਵਿਚ ਲਾ ਛਡਿਆ ਹੈ॥੧॥

(ਸੋ ਉਸ ਸਿਰਜਣਹਾਰ) ਸਾਹਿਬ ਨੂੰ ਸਿਮਰੋ ਹੇ ਮੇਰੇ ਭਾਈਓ! ਇਹ (ਇਥੋਂ) ਤੁਰ ਜਾਣਾ ਤਾਂ ਸਭਨਾਂ ਨੇ ਹੈ। ਏਥੇ ਦਾ ਕੰਮ ਕਾਜ ਕੂੜਾ ਹੈ ਜੋ ਚਾਰ ਦਿਨਾਂ ਦਾ ਹੈ, (ਭਾਵ ਥੋੜੇ ਸਮੇਂ ਲਈ ਹੈ) ਅੱਗੇ ਜ਼ਰੂਰ ਹੀ ਚਲੇ ਜਾਣਾ ਹੈ। (ਜੀਵ ਏਥੇ ਤਾਂ) ਪ੍ਰਾਹੁਣੇ ਵਾਂਙੂ ਹੈ, (ਏਥੋਂ ਕਿਸੇ ਦਿਨ) ਜ਼ਰੂਰ ਹੀ ਅਗੇ (=ਪ੍ਰਲੋਕ) ਵਿਚ ਚਲੇ ਜਾਣਾ ਹੈ, (ਫੇਰ) ਹੰਕਾਰ ਕਿਉਂ ਕਰੀਏ। ਜਿਸ ਦੀ ਸੇਵਾ ਕਰਨੇ ਕਰਕੇ (ਅੱਗੇ ਜਾਕੇ) ਦਰਗਾਹ ਵਿਚ ਸੁਖ ਪਾਈਏ, (ਏਥੇ ਤਾਂ) ਉਸੇ ਦਾ ਨਾਮ ਸਿਮਰੀਏ। (ਹੇ ਜੀਵੋ! ਜੋ ਹੁਕਮ ਏਥੇ ਚਲਾਉਂਦੇ ਹੋ ਉਹ) ਹੁਕਮ ਅਗੇ ਬਿਲਕੁਲ ਨਹੀਂ ਚਲਣਾ, (ਕੀਹ ਜਾਣੀਏ ਓਥੇ ਕੀਤੇ ਅਨੁਸਾਰ) ਹਰੇਕ ਦੇ ਸਿਰ ਤੇ ਕੀਹ ਕੀਹ ਬੀਤੇਗੀ? (ਤਾਂਤੇ) ਹੇ ਭਾਈਓ! ਮਾਲਕ ਵਾਹਿਗੁਰੂ ਨੂੰ ਸਿਮਰੋ, ਇਹ (ਇਥੋਂ) ਤੁਰ ਜਾਣਾ ਤਾਂ ਸਭਨਾਂ ਨੇ ਹੈ॥੨॥

(ਉਹ ਸਾਹਿਬ) ਸਮਰਥ ਸਰਬ ਸ਼ਕਤੀਮਾਨ) ਹੈ, ਜੋ ਉਸ ਨੂੰ ਭਾਉਂਦਾ ਹੈ ਸੋ ਹੁੰਦਾ ਹੈ, ਏਹ ਸੰਸਾਰ (ਤਾਂ ਜੀਵਾਂ ਦੇ ਉਧਾਰ ਦਾ ਇਕ) ਬਹਾਨਾ ਹੈ। ਉਹ ਸੱਚਾ ਸਿਰਜਣਹਾਰ ਜਲ ਥਲ ਤੇ ਧਰਤੀ ਅਕਾਸ ਵਿਚਾਲੇ (ਸਾਰੇ) ਵਜਾਪਕ ਹੋ ਰਿਹਾ ਹੈ। (ਹਾਂ) ਉਹ ਸੱਚਾ ਸਿਰਜਣਹਾਰ ਹੈ, ਧਾਰ ਤੋਂ ਰਹਿਤ ਹੈ, (ਸਾਡੀ) ਸਮਝ ਤੋਂ ਪਰੇ ਹੈ, ਉਸ ਦਾ ਅੰਤ (ਕਿਸੇ ਨੇ) ਨਹੀਂ ਪਾਇਆ। (ਪਰ) ਉਨ੍ਹਾਂ (ਜੀਵਾਂ) ਦਾ (ਏਥੇ) ਆਉਣਾ ਸਫਲ ਹੋਇਆ ਹੈ ਜਿਨ੍ਹਾਂ ਨੇ ਇਕ ਮਨ ਹੋਕੇ (ਉਸ ਨੂੰ) ਧਿਆਇਆ ਹੈ। (ਉਹ) ਆਪੇ (ਬਣਾਈ ਨੂੰ) ਤੋੜਦਾ ਹੈ, ਢਾਹਕੇ ਤੋੜੀ ਹੋਈ ਨੂੰ ਆਪੇ ਉਸਾਰਦਾ ਹੈ, ਹੁਕਮ ਨਾਲ (ਸਭ ਕੁਛ) ਸੰਵਾਰਣ ਵਾਲਾ ਹੈ। (ਉਹ ਸਾਹਿਬ) ਸਮਰਥ (ਸਰਬ ਸ਼ਕਤੀਮਾਨ) ਹੈ, ਜੋ ਉਸ ਨੂੰ ਭਾਉਂਦਾ ਹੈ ਸੋ ਹੁੰਦਾ ਹੈ, ਇਹ ਸੰਸਾਰ (ਤਾਂ ਜੀਵਾਂ ਦੇ ਉਧਾਰ ਦਾ ਇਕ) ਬਹਾਨਾ ਹੈ॥੩॥

(ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ਹੇ ਬਾਬਾ! (ਉਸ ਨੂੰ) ਜਾਣੀਏ (ਕਿ ਸਚਮੁਚ) ਰੋਇਆ ਹੈ ਜੋ ਪਜਾਰ ਵਿਚ ਆ ਕੇ ਰੋਵੇ। ਪਦਾਰਥਾਂ ਦੀ ਖਾਤਰ (ਜਿਹੜਾ) ਰੋਈਏ, ਹੇ ਬਾਬਾ! ਉਹ ਰੋਣਾ ਸਾਰਾ ਵਿਅਰਥ ਹੈ। (ਹਾਂ) ਇਹ ਸੰਸਾਰ (ਵਾਹਿਗੁਰੂ ਵਲੋਂ) ਗ਼ਾਫ਼ਲ ਪਿਆ ਹੈ, (ਇਹ) ਮਾਇਆ ਪਿਛੇ ਰੋਂਦਾ ਹੈ, (ਇਸ ਦਾ) ਰੋਣਾ ਸਾਰਾ ਵਿਅਰਥ ਹੈ। ਇਸ ਨੂੰ (ਸਚਮੁਚ) ਚੰਗਾ ਕੀ ਹੈ, (ਸਚਮੁਚ) ਮਾੜਾ ਕੀ ਹੈ (ਕਿਸੇ ਗੱਲ ਦੀ) ਕੁਛ ਸੋਝੀ ਨਹੀਂ, ਇਹ (ਮਨੁੱਖਾ) ਸਰੀਰ (ਪਾਕੇ) ਬਿਰਥਾ ਗੁਆ ਲੈਂਦਾ ਹੈ। ਏਥੇ ਆਇਆ (ਤਾਂ) ਸਭ ਕੋਈ ਚਲਾ ਜਾਏਗਾ, (ਤੁਸੀਂ ਜੋ) ਹੰਕਾਰ ਕਰਦੇ ਹੋ ਝੂਠਾ ਹੈ। (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ਹੇ ਬਾਬਾ! (ਉਸ ਨੂੰ) ਜਾਣੀਏ ਕਿ (ਸਚਮੁਚ) ਰੋਇਆ ਹੈ ਜੋ ਪਿਆਰ ਲਾਕੇ (=ਪਿਆਰ ਵਿਚ ਆਕੇ) ਰੋਵੇ॥੪॥੧॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]


# ਨਛੱਤਰ ਦੇ ਨਾਵਲ 'ਕਵਣੁ ਦੇਸ ਹੈ ਮੇਰਾ' 'ਤੇ ਚਰਚਾ

ਨਵੀਂ ਦਿੱਲੀ, 19 ਮਾਰਚ 2021: ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਮਹੀਨਾਵਾਰ ਪੁਸਤਕ ਚਰਚਾ ਦੇ ਤਹਿਤ ਇਸ ਵਾਰ ਨਾਵਲਕਾਰ ਨਛੱਤਰ ਦੀ ਪੁਸਤਕ **ਕਵਣੁ ਦੇਸ ਹੈ ਮੇਰਾ** ਤੇ ਚਰਚਾ ਦਾ ਆਯੋਜਨ ਕੀਤਾ ਗਿਆ। ਇਸ ਪੁਸਤਕ ਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਅਤੇ ਉੱਘੇ ਲੇਖਕ ਤੇ ਖੋਜਕਾਰ ਪ੍ਰੋ. ਕਿਰਪਾਲ ਕਜ਼ਾਕ ਨੇ ਚਰਚਾ ਕੀਤੀ। ਦੇਸ਼ਬੰਧੂ ਕਾਲਜ, ਯੂਨੀਵਰਸਿਟੀ ਆਫ਼ ਦਿੱਲੀ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮੁਨੀਸ਼ ਕੁਮਾਰ ਨੇ ਇਸਦਾ ਸੰਚਾਲਨ ਕੀਤਾ। ਡਾ. ਰਵੇਲ ਸਿੰਘ ਅਤੇ ਲੇਖਕ ਨਛੱਤਰ ਇਸ ਚਰਚਾ 'ਚ ਵਿਚ ਸ਼ਾਮਲ ਹੋਏ।


ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਪ੍ਰੋਫੈਸਰ-ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਪੁਸਤਕ ਚਰਚਾ ਦੇ ਇਸ ਪ੍ਰੋਗਰਾਮ ਨਾਲ ਜੁੜਨ ਦਾ ਸੱਦਾ ਦਿੱਤਾ। ਉਪਰੰਤ ਡਾ. ਮੁਨੀਸ਼ ਕੁਮਾਰ ਨੇ ਮੁੱਖ ਵਕਤਿਆਂ ਨਾਲ ਜਾਣ-ਪਛਾਣ ਕਰਾਉਂਦਿਆਂ ਅਜੋਕਾ ਪਰਵਾਸ ਅਤੇ ਉਸਦੀਆਂ ਸਮੱਸਿਆਵਾਂ ਨਾਲ ਸੰਬੰਧਤ ਇਸ ਨਾਵਲ ਬਾਰੇ ਸੰਖੇਪ 'ਚ ਦੱਸਿਆ। ਪ੍ਰੋ. ਕਿਰਪਾਲ ਕਜ਼ਾਕ ਨੇ ਮੌਜੂਦਾ ਮਸਲੇ ਪਰਵਾਸ ਨੂੰ ਨਾਵਲੀ ਬਿਰਤਾਂਤ 'ਚ ਘੜਦੀ ਇਸ ਰਚਨਾ ਨੂੰ ਇਸਦੀ ਪ੍ਰਮੁੱਖ ਵਿਸ਼ੇਸ਼ਤਾ ਦੱਸਦਿਆਂ ਇਸਦੀਆਂ ਵਿਸ਼ੇਗਤ ਤੇ ਰਚਨਾਤਮਕ ਤਹਿਆਂ ਨੂੰ ਫਰੋਲਿਆ। ਉਨ੍ਹਾਂ ਅਨੁਸਾਰ ਨਾਵਲਕਾਰ ਨੇ ਇਸ ਵਿਚ ਨੌਜਵਾਨ ਪੀੜ੍ਹੀ ਦੇ ਪਰਵਾਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਪਰਵਾਸ ਕਰਨ ਤੋਂ ਬਾਅਦ ਉਹਨਾਂ ਨੂੰ ਉੱਥੇ ਪੇਸ਼ ਆਉਂਦੀਆਂ ਸਮੱਸਿਆਵਾਂ ਦਾ ਵੀ ਬਾਖੂਬੀ ਚਿਤਰਨ ਕੀਤਾ ਹੈ। ਪ੍ਰੋ. ਕਜ਼ਾਕ ਅਨੁਸਾਰ ਇਸ ਨਾਵਲੀ ਬਿਰਤਾਂਤ 'ਚ ਕੁਝ ਵੀ ਵਾਧੂ ਪ੍ਰਤੀਤ ਨਹੀਂ ਹੁੰਦਾ ਸਗੋਂ ਇਕ ਸੰਤੁਲਿਤ ਪਹੁੰਚ ਅਪਨਾਉਂਦਿਆਂ ਨਾਵਲਕਾਰ ਨੇ ਇਸ ਰਚਨਾ ਵਿਚ ਜਿੱਥੇ ਪਰਵਾਸ ਬਾਰੇ ਪ੍ਰਚੱਲਤ ਗਲਤ ਧਾਰਨਾਵਾਂ ਨੂੰ ਸਪਸ਼ਟ ਕੀਤਾ ਹੈ ਉੱਥੇ ਨਾਵਲ ਦੇ ਨਾਇਕ ਪਾਤਰ ਦਲੇਰ ਸਿੰਘ ਦੀ ਸਿਰਜਣਾ ਰਾਹੀਂ ਪਰਵਾਸ ਦੇ ਮਸਲਿਆਂ ਦੀ ਧੁੰਦ ਨੂੰ ਛਾਂਟਦਿਆਂ ਇਸਨੂੰ ਇਕ ਮਾਰਮਿਕ ਤੇ ਮੁੱਲਵਾਨ ਰਚਨਾ ਵੀ ਬਣਾਇਆ ਹੈ। ਡਾ. ਮਹਿਲ ਸਿੰਘ ਨੇ ਨਾਵਲ ਦੀ ਬਣਤਰ ਬਾਰੇ


ਡਾ. ਮਹਿਲ ਸਿੰਘ


ਪ੍ਰੋ. ਕਿਰਪਾਲ ਕਜ਼ਾਕ


ਨਾਵਲਕਾਰ ਨਛੱਤਰ


ਡਾ. ਮੁਨੀਸ਼ ਕੁਮਾਰ


ਡਾ. ਮਹਿੰਦਰ ਸਿੰਘ


ਡਾ. ਰਵੇਲ ਸਿੰਘ

ਵਿਚਾਰ ਰੱਖਦਿਆਂ ਇਸਨੂੰ ਇਕ ਸਮੂਹਭਾਵੀ ਸਿਰਜਨਾ ਕਿਹਾ ਜਿਸ ਵਿਚ ਇਕ ਕੇਂਦਰੀ ਪਾਤਰ ਨਹੀਂ ਸਗੋਂ ਪਾਤਰਾਂ ਦੇ ਸਮੂਹ ਹਨ। ਉਨ੍ਹਾਂ ਅਨੁਸਾਰ ਇਹ ਇਕ ਸਹਿਜਭਾਵੀ ਬਿਰਤਾਂਤ ਹੈ ਜਿਸ ਵਿਚ ਨਾਵਲਕਾਰ ਨੇ ਪਰਵਾਸ ਦੇ ਮਸਲਿਆਂ ਦੀ ਕਲਾਤਮਕ ਤੇ ਪੁਖਤਾ ਤਸਵੀਰ ਉਘਾੜੀ ਹੈ। ਨਾਵਲ 'ਚ ਪੇਸ਼ ਹੋਏ ਪਰਵਾਸੀ ਮਸਲਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਪੰਜਾਬ ਦੇ ਅਜੋਕੇ ਹਾਲਾਤ ਤੇ ਚਿੰਤਾ ਜ਼ਾਹਰ ਕੀਤੀ। ਲੇਖਕ ਨਛੱਤਰ ਨੇ ਆਪਣੀ ਇਸ ਰਚਨਾ ਬਾਰੇ ਬੋਲਦਿਆਂ ਕਿਹਾ ਕਿ ਇਸ ਨੂੰ ਲਿਖਣ ਤੋਂ ਪਹਿਲਾਂ ਉਹਨਾਂ ਨਾ ਸਿਰਫ ਪਰਵਾਸ ਨਾਲ ਸੰਬੰਧਤ ਲਿਖੀਆਂ ਗਈਆਂ ਪੁਸਤਕਾਂ ਦਾ ਅਧਿਐਨ ਹੀ ਕੀਤਾ ਸਗੋਂ ਇੱਥੇ 'ਤੇ ਬਾਹਰ ਪਰਵਾਸ ਕਰ ਗਏ ਪਾਤਰਾਂ ਨਾਲ ਮੁਲਾਕਾਤ ਕਰਕੇ ਰਚਨਾ ਨੂੰ ਯਥਾਰਥ ਦੇ ਹਾਣ ਦਾ ਬਣਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਅਖੀਰ 'ਚ ਪ੍ਰੋ. ਰਵੇਲ ਸਿੰਘ ਨੇ ਨਛੱਤਰ ਦੀ ਇਸ ਰਚਨਾ ਨੂੰ ਅਜਿਹੀ ਰਚਨਾ ਦੱਸਿਆ ਜਿਸ ਵਿਚ ਉਹ ਇਕ ਸਮਾਜ ਸ਼ਾਸਤ੍ਰੀ ਵਾਂਗ ਪਰਵਾਸਕ ਸਥਿਤੀ ਦੀ ਪੁਣ-ਛਾਣ ਕਰਦਿਆਂ ਸਮੁੱਚੇ ਸਮਾਜ ਦੀ ਤਸਵੀਰ ਨੂੰ ਬੜੀ ਖੂਬਸੂਰਤੀ ਨਾਲ ਸਾਡੇ ਸਾਹਮਣੇ ਲੈ ਕੇ ਆਉਂਦੇ ਹਨ। ਉਹਨਾਂ ਇਸ ਆਨਲਾਈਨ ਚਰਚਾ 'ਚ ਸ਼ਾਮਲ ਸਭ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖ ❖